ਕੈਨੇਡਾ ਦਰਪਣ

ਮਈ 16, 1986

May 16, 1986

ਸੰਪਾਦਕ: ਦਰਸ਼ਨ ਗਿੱਲ

ਸਪਤਾਹਿਕ

Second Class Mail Reg. No. 5991

ਕੈਨੇਡਾ ਦਰਪਣ

The Canada Darpan — Punjabi Weekly Newspaper

Weekending MAY 16, 1986 Vol. 5 No. 19 — Price 35¢ Out of Greater Vancouver 50¢ — Ph. (604)581-4473

ਅੰਦਰ ਪੜ੍ਹੋ —

- ਦਿੱਲੀ ਪ੍ਰਬੰਧਕ ਕਮੇਟੀ ਦੀ ਰਾਜਨੀਤੀ
- ਗੁਰਸਿੱਖੀ ਅਤੇ ਅਰਦਾਸ
- ਪੰਜਾਬ ਵਜ਼ਾਰਤ ਵਿਚ ਵਾਧਾ (ਸੰਪਾਦਕੀ)
- ਸੋਵੀਅਤ ਵਿਚ ਰੀਐਕਟਰ ਦੀ ਦੁਰਘਟਨਾ
- ਆਸ — ਕਹਾਣੀ
- ਪੰਜਾਬੀ ਕਵੀ ਹਰਕੇਵਲ ਸਿੰਘ ਕੇਵਲ ਬਾਰੇ ਬਾਵਾ ਬਲਵੰਤ ਦਾ ਲੇਖ
- Punjab Crisis
- ਫਿਲਮ ਲੋਕ —
- ਸਿਆਸੀ ਘਰੂਟ

ਪੰਜਾਬ ਮੰਤਰੀ ਮੰਡਲ ਵਿਚ ਵਾਧਾ — 29 ਵਜ਼ੀਰ ਬਣੇ

ਜਾਗੀਰਦਾਰ ਧੜਾ ਖੂੰਜੇ ਲੱਗ ਗਿਆ

ਅਮਰਿੰਦਰ, ਸੁਖਜਿੰਦਰ ਤੇ ਛੋਟੇਪੁਰ ਵਜ਼ਾਰਤੋਂ ਬਾਹਰ

ਚੰਡੀਗੜ੍ਹ — 6 ਮਈ ਨੂੰ ਪੰਜਾਬ ਦੇ ਮੁੱਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨੇ ਆਪਣੀ ਅਕਾਲੀ ਵਜ਼ਾਰਤ ਵਿਚ ਵਾਧਾ ਕਰ ਦਿਤਾ ਹੈ ਜਿਸ ਅਨੁਸਾਰ ਹੁਣ ਮੰਤਰੀ ਮੰਡਲ ਵਿਚ ਮੰਤਰੀਆਂ ਦੀ ਕੁੱਲ ਗਿਣਤੀ 29 ਹੋ ਗਈ ਹੈ ਤਿੰਨ ਨਵੇਂ ਮੰਤਰੀ, 18 ਰਾਜ ਮੰਤਰੀ ਅਤੇ 2 ਡਿਪਟੀ ਮੰਤਰੀ ਹੋਣਗੇ।

ਹਰਿਮੰਦਰ ਕੰਪਲੈਕਸ ਵਿਚੋਂ ਗ੍ਰਿਫਤਾਰੀਆਂ ਦੇ ਮਾਮਲੇ ਨੂੰ ਲੈ ਕੇ ਸਾਬਕਾ ਰਜਵਾੜੇ ਤੇ ਸਾਬਕਾ ਕਾਂਗਰਸੀ ਅਮਰਿੰਦਰ ਸਿੰਘ, ਸਾਬਕਾ ਖਾਲਿਸਤਾਨੀ ਲੀਡਰ ਸੁਖਜਿੰਦਰ ਸਿੰਘ ਨੇ ਅਕਾਲੀ ਵਜ਼ਾਰਤ ਵਿਚੋਂ ਆਪਣੇ ਅਸਤੀਫੇ ਦੇ ਦਿਤੇ ਹਨ ਜਿਨ੍ਹਾਂ ਨੂੰ ਮੁਖ ਮੰਤਰੀ ਨੇ ਮਨਜ਼ੂਰ ਕਰ ਲਿਆ। ਸੁੱਚਾ ਸਿੰਘ ਛੋਟੇਪੁਰ ਵੀ ਅਗਲੇ ਦਿਨ ਚਲਦਾ ਕਰ ਦਿਤਾ ਗਿਆ।

ਬਾਦਲ ਧੜੇ ਦੀ ਮੁਕੰਮਲ ਸਫ਼ਾਈ

ਮੁੱਖ ਮੰਤਰੀ ਸ: ਬਰਨਾਲਾ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਉਹ ਸਾਜ਼ਿਸ਼ ਫੇਲ੍ਹ ਕਰ ਦਿਤੀ ਜਿਸ ਨਾਲ ਬਾਦਲ, ਅਮਰਿੰਦਰ ਸਿੰਘ, ਸੁਖਜਿੰਦਰ ਸਿੰਘ ਆਦਿ ਕਾਂਗਰਸ ਨਾਲ ਸੌਦਾ ਕਰਕੇ ਸਾਂਝੀ ਵਜ਼ਾਰਤ ਬਨਾਉਣ ਦਾ ਪਲਾਨ ਬਣਾ ਰਹੇ ਸਨ। ਰਾਜਸੀ ਸੂਤਰਾਂ ਅਨੁਸਾਰ ਚੰਡੀਗੜ੍ਹ ਦਾ ਮਾਮਲਾ ਕਾਂਗਰਸ ਨੇ ਇਸ ਲਈ ਹੀ ਲਟਕਾਇਆ ਸੀ ਕਿ ਕਾਂਗਰਸ ਅਤੇ ਅਕਾਲੀ ਵਜ਼ਾਰਤ ਰਲਕੇ ਬਣਾਈ ਜਾ ਸਕੇ। ਪਲੈਨ ਮੁਤਾਬਕ ਅਕਾਲੀ ਤੇ ਕਾਂਗਰਸੀ 60 : 40 ਅਨੁਸਾਰ ਵਜ਼ਾਰਤ ਵਿਚ ਸ਼ਾਮਲ ਕੀਤੇ ਜਾਣੇ ਸਨ। ਪਰ ਸੁਰਜੀਤ ਸਿੰਘ ਬਰਨਾਲਾ ਨੂੰ ਇਸ ਪਲਾਨ ਦਾ ਪਤਾ ਲੱਗ ਗਿਆ ਤੇ ਉਨ੍ਹਾਂ ਨੂੰ ਇਹ ਵੀ ਪਤਾ ਲੱਗ ਗਿਆ ਕਿ ਸੁਖਜਿੰਦਰ ਸਿੰਘ, ਅਮਰਿੰਦਰ ਸਿੰਘ ਤੇ ਬਾਦਲ ਧੜੇ ਦੇ ਸਬੰਧ ਅਤਿਵਾਦੀਆਂ ਦੇ ਵੱਖ ਵੱਖ ਧੜਿਆਂ ਨਾਲ ਹਨ।

ਨਵੇਂ ਮੰਤਰੀਆਂ ਦੀ ਸੂਚੀ ਇਸ ਪ੍ਰਕਾਰ ਹੈ :

ਨਵੇਂ ਮੰਤਰੀ : ਪ੍ਰੋ: ਪ੍ਰੇਮ ਸਿੰਘ ਚੰਦੂਮਾਜ਼ਰਾ, ਹਰਭਜਨ ਸਿੰਘ ਸੰਧੂ ਤੇ ਸੁੱਚਾ ਸਿੰਘ ਦਾਲਮ।

ਨਵੇਂ ਰਾਜ ਮੰਤਰੀ : ਤਾਰਾ ਸਿੰਘ ਲਾਇਲਪੁਰੀ, ਸੁਖਦੇਵ ਸਿੰਘ ਢਿੱਲੋਂ, ਬਲਦੇਵ ਸਿੰਘ ਖਿਆਲਾ, ਹਰਭਿੰਦਰ ਸਿੰਘ, ਮਲਕੀਤ ਸਿੰਘ ਸਿੱਧੂ, ਹਰੀ ਸਿੰਘ ਜ਼ੀਰਾ, ਮਹਿੰਦਰ ਸਿੰਘ ਸਾਈਆਂਵਾਲਾ, ਉਪਕਾਰ ਸਿੰਘ ਰੰਧਾਵਾ, ਸੁਰਜੀਤ ਸਿੰਘ ਮਿਨਹਾਸ, ਅਰਜਿੰਦਰ ਸਿੰਘ ਧਾਲੀਵਾਲ, ਜਗਦੇਵ ਸਿੰਘ ਤਾਜਪੁਰੀ, ਕੈਪਟਨ ਕੰਵਲਜੀਤ ਸਿੰਘ, ਦਲੀਪ ਸਿੰਘ ਪਾਂਧੀ, ਪ੍ਰੇਮ ਗੁਪਤਾ, ਬਲਦੇਵ ਸਿੰਘ ਮਾਨ, ਸੁਰਿੰਦਰਪਾਲ ਸਿੰਘ ਮਾਨ, ਨੁਸਰਤ ਅਲੀ ਖਾਂ, ਨਿਰਮਲ ਸਿੰਘ ਕਾਹਲੋਂ।

ਡਿਪਟੀ ਮੰਤਰੀ : ਕੁੰਦਨ ਸਿੰਘ ਪਤੰਗ ਤੇ ਸਰਵਣ ਸਿੰਘ ਫਲੌਰ।

ਅਕਾਲੀ ਦਲ ਵਰਕਿੰਗ ਕਮੇਟੀ ਤੋਂ ਅਸਤੀਫੇ

ਪਹਿਲੀਆਂ ਖ਼ਬਰਾਂ ਅਨੁਸਾਰ ਪ੍ਰਕਾਸ਼ ਸਿੰਘ ਬਾਦਲ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਤਾਲਿਬ ਸਿੰਘ ਸੰਧੂ ਤੇ ਮਨਜੀਤ ਸਿੰਘ ਖਹਿਰਾ ਨੇ ਅਕਾਲੀ ਦਲ ਵਰਕਿੰਗ ਕਮੇਟੀ ਤੋਂ ਆਪਣੇ ਅਸਤੀਫੇ ਦੇ ਦਿਤੇ ਸਨ ਪਰ ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਇਥੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਨੂੰ ਕਿਸੇ ਵਰਕਿੰਗ ਕਮੇਟੀ ਦੇ ਮੈਂਬਰ ਦਾ ਅਸਤੀਫਾ ਨਹੀਂ ਪੁੱਜਾ। ਖਬਰਾਂ ਅਨੁਸਾਰ ਨਵੇਂ ਮੰਤਰੀ ਮੰਡਲ ਵਿਚ ਟੌਹੜਾ ਗਰੁੱਪ ਦੇ ਲਗਪਗ ਅੱਧੇ ਮੰਤਰੀ ਸ਼ਾਮਲ ਹਨ। ਇਸ ਲਈ ਟੌਹੜਾ ਅਤੇ ਬਰਨਾਲਾ ਵਿਚ ਵਿਰੋਧ ਦੀਆਂ ਅਫਵਾਹਾਂ ਗੈਰ ਯਕੀਨੀ ਵਾਲੀਆਂ ਹਨ।

ਬਾਬੇ ਦਲ ਵਲੋਂ ਪੰਜਾਬ ਬੰਦ ਦਾ ਨਾਅਰਾ ਠੁੱਸ

ਹਰਿਮੰਦਰ ਕੰਪਲੈਕਸ ਵਿਚ ਹੋਏ ਐਕਸ਼ਨ ਵਿਰੁੱਧ ਐਤਵਾਰ ਨੂੰ ਬਾਬਾ ਦਲ ਵਲੋਂ ਪੰਜਾਬ ਬੰਦ ਦੇ ਸੱਦੇ ਨੂੰ ਭਰਵਾਂ ਹੁੰਗਾਰਾ ਨਹੀਂ ਮਿਲਿਆ। ਵਿਕੋਲਿਤਰੇ ਥਾਵਾਂ ਤੇ ਕੁਝ ਦੁਕਾਨਾਂ ਬੰਦ ਰਹੀਆਂ। ਬਾਬਾ ਦਲ ਦੇ ਕਈ ਲੀਡਰ ਮੁੜ ਸ਼ਰੋਮਣੀ ਅਕਾਲੀ ਦਲ ਦੀਆਂ ਸਫਾਂ ਵੱਲ ਪਰਤ ਰਹੇ ਹਨ।

ਅਤਿਵਾਦੀਆਂ ਵਲੋਂ ਕਤਲ ਜਾਰੀ

ਇਕ ਖਬਰ ਅਨੁਸਾਰ ਪ੍ਰਾਇਮਰੀ ਸਕੂਲਾਂ ਦੇ ਤਿੰਨ ਟੀਚਰ ਕਤਲ ਕਰ ਦਿਤੇ ਗਏ ਹਨ। ਪਿਛਲੇ ਹਫਤੇ ਅੰਦਰ ਹੋਏ ਕਤਲਾਂ ਦੀ ਗਿਣਤੀ ਤੀਹ ਹੋ ਗਈ

ਵਿਰੋਧੀ ਧਿਰਾਂ ਨੇ ਪਾਕਿਸਤਾਨ ਵਿਚ ਚੋਣਾਂ ਲਈ ਮੁਹਿਮ ਤੇਜ਼ ਕੀਤੀ

ਕਰਾਚੀ — ਪਿਛਲੇ ਦਿਨੀਂ ਵਿਰੋਧੀ ਧਿਰ ਦੀ ਨੇਤਾ ਬੇਨਜ਼ੀਰ ਭੁੱਟੋ ਨੇ

ਪੰਜ ਦਿਨਾਂ ਵਿਚ 22 ਵਿਅਕਤੀ ਕਤਲ

6 ਮਈ — ਹਰਿਮੰਦਰ ਸਾਹਿਬ ਵਿਚੋਂ ਪੁਲੀਸ ਦੁਆਰਾ ਅਤਿਵਾਦੀਆਂ ਨੂੰ ਕੱਢਣ ਮਗਰੋਂ ਹੁਣ ਤੱਕ ਅਤਿਵਾਦੀਆਂ ਦੁਆਰਾ ਬਦਲੇ ਦੀ ਭਾਵਨਾ ਕਰਕੇ 22 ਵਿਅਕਤੀਆਂ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ ਗਿਆ ਹੈ। ਅਤਿਵਾਦੀਆਂ ਨੇ ਛੇ ਵਿਅਕਤੀਆਂ ਦੀ ਹੱਤਿਆ ਅੰਮ੍ਰਿਤਸਰ ਜ਼ਿਲੇ ਵਿਚ ਕੀਤੀ ਅਤੇ ਚਾਰ ਨੂੰ ਜ਼ਖਮੀ ਕੀਤਾ ਦੱਸਿਆ ਜਾਂਦਾ ਹੈ।

ਗੁਰੀਲਿਆਂ ਏਅਰ ਲੰਕਾ ਦਾ ਜਹਾਜ਼ ਉਡਾ ਦਿਤਾ — 20 ਮਰੇ ਅਤੇ 40 ਜ਼ਖਮੀ

ਕੋਲੰਬੋ — ਏਅਰ ਲੰਕਾ L1011 ਜੈਟ ਵਿਚ ਉਸ ਸਮੇਂ ਵਿਸਫੋਟ ਹੋ ਗਿਆ ਜਦੋਂ ਇਹ ਉਡਾਨ ਭਰਨ ਲਈ ਤਿਆਰ ਹੀ ਖੜਾ ਸੀ। ਇਹ ਜਹਾਜ਼ ਮੱਕੇ ਨੂੰ ਹੱਜ ਯਾਤਰੀਆਂ ਨੂੰ ਲੈ ਕੇ ਜਾ ਰਿਹਾ ਸੀ। ਵੀਹ ਵਿਅਕਤੀ ਇਸ ਧਮਾਕੇ ਕਾਰਨ ਮਾਰੇ ਗਏ ਅਤੇ 40 ਜ਼ਖਮੀ ਹੋਏ ਦਸੇ ਜਾਂਦੇ ਹਨ। ਜ਼ਖਮੀ ਹੋਣ ਵਾਲਿਆਂ ਵਿਚੋਂ ਬਾਰਾਂ ਦੀ ਦਸ਼ਾ ਖਤਰਨਾਕ ਦਸੀ ਜਾਂਦੀ ਹੈ। ਕਿਹਾ ਜਾਂਦਾ ਹੈ ਕਿ ਇਹ ਕਾਰਵਾਈ ਤਾਮਿਲ ਗੁਰੀਲਿਆਂ ਦੀ ਹੈ ਜੋ ਸ੍ਰੀ ਲੰਕਾ ਤੋਂ ਵੱਖ ਹੋਣਾ ਚਾਹੁੰਦੇ ਹਨ।

ਇਥੇ ਅਖਬਾਰੀ ਨਾਮਾਨਿਗਾਰਾਂ ਨਾਲ ਗਲ ਕਰਦਿਆਂ ਇਸ ਗਲ ਤੇ ਜ਼ੋਰ ਦਿਤਾ ਕਿ ਜੇ ਰਮਦਾਨ ਦੇ ਮਹੀਨੇ ਵਿਚ ਜ਼ਿਆ ਨੇ ਉਸਦੀ ਇਹ ਮੰਗ ਕਿ ਨਵੀਆਂ ਚੋਣਾਂ ਕਰਾਈਆਂ ਜਾਣ ਨਾ ਮੰਨੀ ਤਾਂ ਉਹ ਰਮਦਾਨ ਮਹੀਨੇ ਮਗਰੋਂ ਇਸ ਮੰਗ ਨੂੰ ਮੰਨਵਾਉਣ ਲਈ ਮੁਹਿਮ ਤੇਜ਼ ਕਰੇਗੀ। ਉਹਨਾਂ ਕਿਹਾ ਕਿ ਇਸ ਮਈ ਉਹ ਆਗਾਮੀ ਪਰੋਗਰਾਮ ਵਾਰੇ ਵਿਚਾਰ ਕਰਨਗੇ। ਇਸੇ ਮਹੀਨੇ ਉਹ ਪਾਰਟੀ ਕਾਰਕੁੰਨਾਂ ਯੂਨੀਅਨ ਦੇ ਨੁਮਾਇੰਦਿਆਂ ਅਤੇ ਸ਼ਹਿਰੀ ਹਕੂਕਾਂ ਲਈ ਬਣੀਆਂ ਜਥੇਬੰਦੀਆਂ ਆਦਿ ਨਾਲ ਸਲਾਹ ਮਸ਼ਵਰਾ ਕਰਨਗੇ।

ਕਾਂਗਰਸੀ ਬਗਾਵਤ ਕੁਚਲ ਦਿਤੀ ਗਈ ....?

ਨਵੀਂ ਦਿੱਲੀ — ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਵਲੋਂ ਸਾਬਕਾ ਵਿਤ ਮੰਤਰੀ ਸ੍ਰੀ ਪ੍ਰਣਾਬ ਮੁਕਰਜੀ, ਸਾਬਕਾ ਮੁਖ ਮੰਤਰੀ ਸ੍ਰੀਪਤ ਮਿਸ਼ਰਾ, ਸਾਬਕਾ ਗਵਰਨਰ ਸ੍ਰੀ ਏ. ਪੀ. ਸ਼ਰਮਾ ਅਤੇ ਸ੍ਰੀ ਪ੍ਰਕਾਸ਼ ਮਹਿਰੋਤਰਾ ਵਿਰੁੱਧ ਕੀਤੀ ਗਈ ਕਾਰਵਾਈ ਨੇ ਕਾਂਗਰਸੀ ਨੇਤਾਵਾਂ ਨੂੰ ਚੰਗਾ ਝਟਕਾ ਦਿਤਾ ਹੈ ਅਤੇ ਇਸ ਤਰ੍ਹਾਂ ਲਗਦਾ ਹੈ ਕਿ ਪ੍ਰਧਾਨ ਮੰਤਰੀ ਇਕੋ ਝਟਕੇ ਨਾਲ ਹੀ ਪਾਰਟੀ ਵਿਚ ਉਠ ਰਹੀ ਬਗਾਵਤ ਨੂੰ ਦਬਾਉਣ ਲਈ ਸਫਲ ਹੋ ਗਏ ਹਨ। ਪਤਾ ਲੱਗਾ ਹੈ ਕਿ ਕਾਂਗਰਸ ਦੇ ਉਪ ਪ੍ਰਧਾਨ ਸ੍ਰੀ ਅਰਜਨ ਸਿੰਘ ਨੇ ਉਪਰੋਕਤ ਨੇਤਾਵਾਂ ਵਿਰੁੱਧ ਕਾਰਵਾਈ ਲਈ ਜਦੋਂ ਦਸਤਾਵੇਜ਼ ਤ੍ਰਿਪਾਠੀ ਅਗੇ ਪੇਸ਼ ਕੀਤੇ ਤਾਂ ਦਸਤਖਤ ਕਰਨ ਤੋਂ ਨਾਂਹ ਕਰ ਦਿਤੀ ਸੀ ਅਤੇ ਫਿਰ ਇਹ ਪੇਪਰ ਪ੍ਰਧਾਨ ਮੰਤਰੀ ਅੱਗੇ ਪੇਸ਼ ਕੀਤੇ ਗਏ ਜਿਨ੍ਹਾਂ ਨੇ ਪਾਰਟੀ ਪ੍ਰਧਾਨ ਦੀ ਹੈਸੀਅਤ ਵਿਚ ਸ੍ਰੀ ਪ੍ਰਣਾਬ ਮੁਕਰਜੀ ਦੀ ਬਰਤਰਫੀ ਅਤੇ ਬਾਕੀ ਤਿੰਨਾਂ ਦੀ ਮੁਅਤਲੀ ਦੇ ਆਦੇਸ਼ ਜਾਰੀ ਕਰ ਦਿਤੇ। ਅਸਹਿਮਤ ਨੇਤਾਵਾਂ ਅਨੁਸਾਰ ਇਨ੍ਹਾਂ ਨੇਤਾਵਾਂ ਵਿਰੁੱਧ ਕੀਤੀ ਗਈ ਕਾਰਵਾਈ ਦੀ ਪਹਿਲਾਂ ਕੋਈ ਉਦਾਹਰਣ ਨਹੀਂ ਮਿਲਦੀ। ਉਨ੍ਹਾਂ ਅਨੁਸਾਰ ਇਹ ਕਾਰਵਾਈ ਨਾ ਕੇਵਲ ਕਾਂਗਰਸ ਪਾਰਟੀ ਦੀਆਂ ਰਵਾਇਤਾਂ ਵਿਰੁੱਧ ਹੀ ਹੈ ਸਗੋਂ ਇਸ ਅਹਿਮ ਸਵਾਲ ਉਤੇ ਕੇਂਦਰੀ ਪਾਰਲੀਮਾਨੀ ਬੋਰਡ ਜਾਂ ਵਰਕਿੰਗ ਕਮੇਟੀ ਵਿਚ ਵੀ ਵਿਚਾਰ ਨਹੀਂ ਕੀਤਾ ਗਿਆ।

ਸਿਆਸੀ ਦਰਸ਼ਕ ਹੁਣ ਸ੍ਰੀ ਤ੍ਰਿਪਾਠੀ ਦੇ ਪ੍ਰਤੀਕਰਮ ਨੂੰ ਬੜੀ ਗੰਭੀਰਤਾ ਨਾਲ ਉਡੀਕ ਰਹੇ ਹਨ ਕਿਉਂਕਿ ਉਨ੍ਹਾਂ ਦੇ ਇਕ ਵੱਡੇ ਸਮਰਥਕ ਸ੍ਰੀ ਮਿਸ਼ਰਾ ਵਿਰੁੱਧ ਕਾਰਵਾਈ ਕੀਤੀ ਗਈ ਹੈ। ਪਤਾ ਲੱਗਾ ਹੈ ਕਿ ਅਸਹਿਮਤ ਕਾਂਗਰਸੀ ਮੁਸਲਿਮ ਔਰਤਾਂ ਦੇ ਹੱਕਾਂ ਬਾਰੇ ਬਿਲ ਉਤੇ ਬਹਿਸ ਸਮੇਂ ਪ੍ਰਧਾਨ ਮੰਤਰੀ ਨੂੰ ਸੰਕਟ ਵਿਚ ਪਾਉਣਾ ਚਾਹੁੰਦੇ ਸਨ ਅਤੇ ਉਹ ਇਸ ਬਿਲ ਉਤੇ ਜ਼ਮੀਰ ਦੀ ਆਵਾਜ਼ ਅਨੁਸਾਰ ਵੋਟਾਂ ਪਾਉਣ ਦੀ ਮੰਗ ਕਰਨ ਵਾਲੇ ਸਨ ਪਰ ਪਾਰਟੀ ਨੇ ਕਾਰਵਾਈ ਕਰ ਕੇ ਉਨ੍ਹਾਂ ਦੇ ਇਸ ਕਦਮ ਨੂੰ ਫਿਲਹਾਲ ਨਕਾਰਾ ਕਰ ਦਿਤਾ ਹੈ। ਪੰਜਾਬ ਦੇ ਕਾਂਗਰਸੀ ਮੈਂਬਰਾਂ ਨੇ ਹਾਈਕਮਾਂਡ ਵਲੋਂ ਕੀਤੀ ਗਈ ਇਸ ਕਾਰਵਾਈ ਦਾ ਜ਼ੋਰਦਾਰ ਸਮਰਥਨ ਕੀਤਾ ਹੈ। ਪੰਜਾਬ ਦੇ ਕਾਂਗਰਸ ਮੈਂਬਰਾਂ ਸ੍ਰੀ ਸਤਪਾਲ ਮਿਤਲ, ਸ੍ਰੀਮਤੀ ਅਮਰਜੀਤ ਕੌਰ, ਸ੍ਰੀ ਪਵਨ ਕੁਮਾਰ ਬਾਂਸਲ ਅਤੇ ਸ੍ਰੀ ਐਚ. ਐਸ. ਹੰਸਪਾਲ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਜਦੋਂ ਪੰਜਾਬ ਨੂੰ ਦਹਿਸ਼ਤਪਸੰਦਾਂ ਤੇ ਅਤਿਵਾਦੀਆਂ ਦੀਆਂ ਸਰਗਰਮੀਆਂ ਦਾ ਸਾਹਮਣਾ ਹੈ ਉਸ ਸਮੇਂ ਪਾਰਟੀ ਨੂੰ ਕਮਜ਼ੋਰ ਕਰਨ ਦੀਆਂ ਕਾਰਵਾਈਆਂ ਬਰਦਾਸ਼ਤ ਨਹੀਂ ਕੀਤੀਆਂ ਜਾ ਸਕਦੀਆਂ। ਇਨ੍ਹਾਂ ਮੈਂਬਰਾਂ ਨੇ ਪ੍ਰਧਾਨ ਮੰਤਰੀ ਨੂੰ ਪੂਰੀ ਹਮਾਇਤ ਦਾ ਐਲਾਨ ਕੀਤਾ ਹੈ।

ਵਿਰੋਧੀ ਧਿਰ ਦੇ ਮੈਂਬਰਾਂ ਵਲੋਂ ਲੋਕ ਸਭਾ 'ਚੋਂ ਵਾਕ ਆਊਟ

ਨਵੀਂ ਦਿੱਲੀ — ਲੋਕ ਸਭਾ ਅੰਦਰ ਸਪੀਕਰ ਸ੍ਰੀ ਬਲਰਾਮ ਜਾਖੜ ਵਲੋਂ ਭਾਰਤੀ ਕਮਿਊਨਿਸਟ ਪਾਰਟੀ ਦੇ ਮੈਂਬਰ ਸ੍ਰੀ ਇੰਦਰਜੀਤ ਗੁਪਤਾ ਨੂੰ ਪਿਛਲੇ ਕੁਝ ਅਰਸੇ ਦੌਰਾਨ ਬਿਹਾਰ ਅੰਦਰ 'ਪੁਲੀਸ ਹੱਥੋਂ ਨਕਸਲੀਆਂ ਦੇ ਨਾਂ ਹੇਠ ਹਰੀਜਨਾਂ ਅਤੇ ਬੇਜ਼ਮੀਨੇ ਕਿਸਾਨਾਂ ਦੀਆਂ ਅੰਨ੍ਹੇਵਾਹ ਹੱਤਿਆਵਾਂ' ਦੀਆਂ ਵਾਰਦਾਤਾਂ ਸਬੰਧੀ ਸਵਾਲ ਉਠਾਏ ਜਾਣ ਦੀ ਇਜਾਜ਼ਤ ਨਾ ਦਿਤੇ ਜਾਣ ਵਿਰੁਧ ਰੋਸ ਪ੍ਰਗਟ ਕਰਨ ਲਈ ਵਿਰੋਧੀ ਧਿਰ ਨਾਲ ਸਬੰਧਤ ਬਹੁਤ ਸਾਰੇ ਮੈਂਬਰ ਸਦਨ ਵਿਚੋਂ ਵਾਕ ਆਊਟ ਕਰ ਗਏ। ਸ੍ਰੀ ਇੰਦਰਜੀਤ ਗੁਪਤਾ ਨੇ ਸਦਨ ਅੰਦਰ ਪਿਛਲੇ ਹਫਤੇ ਵੀ ਇਸ ਮਾਮਲੇ ਸਬੰਧੀ ਸਵਾਲ ਉਠਾਇਆ ਸੀ ਅਤੇ ਸਪੀਕਰ ਨੇ ਉਨ੍ਹਾਂ ਨੂੰ ਵਿਸ਼ਵਾਸ਼ ਦੁਆਇਆ ਸੀ ਕਿ ਉਹ ਸਰਕਾਰ ਨੂੰ ਬਿਹਾਰ ਵਿਚ ਹੋ ਰਹੀਆਂ ਵਾਰਦਾਤਾਂ ਬਾਰੇ ਰਿਪੋਰਟ ਪਾਰਲੀਮੈਂਟ ਅੰਦਰ ਪੇਸ਼ ਕਰਨ ਲਈ ਕਹਿਣਗੇ।

ਜਦੋਂ ਕਮਿਊਨਿਸਟ ਮੈਂਬਰ ਨੇ ਸਪੀਕਰ ਕੋਲੋਂ ਆਪਣੇ ਉਸ ਨੋਟਿਸ ਦੇ ਸਬੰਧ ਵਿਚ ਹੋਈ ਕਾਰਵਾਈ ਬਾਰੇ ਜਾਣਨ ਦੀ ਮੰਗ ਕੀਤੀ ਤਾਂ ਸ੍ਰੀ ਜਾਖੜ ਨੇ ਇਹ ਆਖ ਕੇ ਗੱਲ ਮੁਕਾ ਦਿਤੀ ਕਿ ਕਿਸੇ ਵੀ ਜਗ੍ਹਾ ਉਪਰ ਅਮਨ ਕਾਨੂੰਨ ਦੀ ਸਥਿਤੀ ਸਬੰਧਤ ਰਾਜ ਸਰਕਾਰ ਦਾ ਮਸਲਾ ਹੈ ਅਤੇ ਇਸ ਨੂੰ ਪਾਰਲੀਮੈਂਟ ਅੰਦਰ ਵਿਚਾਰੇ ਜਾਣ ਦੀ ਇਜਾਜ਼ਤ ਨਹੀਂ ਦਿਤੀ ਜਾ ਸਕਦੀ। ਸਪੀਕਰ ਨੇ ਬਿਹਾਰ ਅੰਦਰ ਹੱਤਿਆਵਾਂ ਦੇ ਵਰਤਾਰੇ ਨੂੰ ਹਰੀਜਨਾਂ ਉਪਰ ਜ਼ੁਲਮ ਦੇ ਮਾਮਲੇ ਤਕ ਮਹਿਦੂਦ ਕੀਤੇ ਜਾਣ ਸਬੰਧੀ ਸ੍ਰੀ ਗੁਪਤਾ ਦੇ ਦਾਅਵੇ ਨਾਲ ਵੀ ਅਸਹਿਮਤੀ ਪ੍ਰਗਟਾਈ।

12 ਨੇਤਾਵਾਂ ਵਲੋਂ ਬਾਬਾ ਦਲ ਵਿਚੋਂ ਅਸਤੀਫੇ

ਅੰਮ੍ਰਿਤਸਰ — ਬਾਬਾ ਜੋਗਿੰਦਰ ਸਿੰਘ ਦੀ ਅਗਵਾਈ ਹੇਠਲੇ ਸੰਯੁਕਤ ਦਲ ਨੂੰ ਉਸ ਸਮੇਂ ਇਕ ਹੋਰ ਜ਼ਬਰਦਸਤ ਧੱਕਾ ਲੱਗਾ ਜਦੋਂ ਦਲ ਨਾਲ ਸਬੰਧਤ ਬਠਿੰਡਾ ਜ਼ਿਲੇ ਦੇ 9 ਅਤੇ ਅੰਮ੍ਰਿਤਸਰ ਜ਼ਿਲੇ ਦੇ ਤਿੰਨ ਸੀਨੀਅਰ ਨੇਤਾਵਾਂ ਨੇ ਆਪਣੇ ਸਭ ਹਮਾਇਤੀਆਂ ਸਮੇਤ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇਣ ਦਾ ਐਲਾਨ ਕਰ ਦਿਤਾ। ਅਸਤੀਫੇ ਦੇਣ ਲਈ ਭੇਜੇ ਗਏ ਪੱਤਰਾਂ ਵਿਚ ਕਈ ਹੋਰ ਗੱਲਾਂ ਦੇ ਨਾਲ ਨਾਲ ਮੁਖ ਤੌਰ ਉਤੇ ਬਾਬਾ ਜੋਗਿੰਦਰ ਸਿੰਘ ਉਪਰ ਆਪਣੇ ਆਪਹੁਦਰੇ ਵਤੀਰੇ ਸਦਕਾ ਸਿੱਖ ਪੰਥ ਦੀਆਂ ਖਾੜਕੂ ਜਥੇਬੰਦੀਆਂ — ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਦਮਦਮੀ ਟਕਸਾਲ ਦੀਆਂ ਸਫਾਂ ਵਿਚ ਫੁੱਟ ਪਾਉਣ ਦਾ ਦੋਸ਼ ਲਗਾਇਆ ਹੈ। ਪੱਤਰਾਂ ਵਿਚ ਇਹ ਵੀ ਕਿਹਾ ਗਿਆ ਹੈ ਕਿ ਬਾਬਾ ਨੇ ਦਲ ਦੀਆਂ ਸਫਾਂ ਵਿਚ ਅਜਿਹੇ ਘੁਸਪੈਂਠੀਆਂ ਨੂੰ ਵੀ ਪਨਾਹ ਦੇ ਦਿਤੀ ਜੋ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਜਿਉਂਦੇ ਜੀਅ ਉਨ੍ਹਾਂ ਦੀਆਂ ਸਭ ਨੀਤੀਆਂ ਦਾ ਕੱਟੜ ਵਿਰੋਧ ਕਰਦੇ ਰਹੇ ਸਨ।

ਬਾਬਾ ਦਲ ਛੱਡਣ ਵਾਲੇ ਇਨ੍ਹਾਂ ਨੇਤਾਵਾਂ ਨੇ ਦੋਸ਼ ਲਾਇਆ ਹੈ ਕਿ ਇਸ ਸੰਕਟ ਦੀ ਘੜੀ ਸਿੱਖ ਪੰਥ ਦੀ ਯੋਗ ਰਹਿਨੁਮਾਈ ਕਰਨ ਦੀ ਥਾਂ ਬਾਬਾ ਨੇ ਆਪਣੇ ਸੌੜੇ ਰਾਜਸੀ ਹਿਤਾਂ ਲਈ ਦਮਦਮੀ ਟਕਸਾਲ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਿਚ ਪਾੜ ਪਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਤੇ ਉਸ ਨੇ "ਸਰਬੱਤ ਖਾਲਸਾ" ਸੰਮੇਲਨ ਦੇ ਫੈਸਲਿਆਂ ਦੀ ਸ਼ਰੇਆਮ ਉਲੰਘਣਾ ਕੀਤੀ ਹੈ। ਪੰਥਕ ਕਮੇਟੀ ਦੀ ਲੀਡਰਸ਼ਿਪ ਵਿਚ ਪੂਰਨ ਭਰੋਸਾ ਪ੍ਰਗਟਾਉਂਦਿਆਂ ਇਨ੍ਹਾਂ ਨੇਤਾਵਾਂ ਨੇ ਕਿਹਾ ਹੈ ਕਿ ਉਹ ਉਨ੍ਹਾਂ ਸਿੱਖ ਜਥੇਬੰਦੀਆਂ ਦੀ ਹਮਾਇਤ ਕਰਦੇ ਰਹਿਣਗੇ ਜੋ "ਪੰਥ ਦੀ ਸ਼ਾਨ" ਦੀ ਬਹਾਲੀ ਲਈ ਕੰਮ ਕਰਦੀਆਂ ਰਹਿਣਗੀਆਂ।

ਅਕਾਲ ਤਖਤ ਸਕੱਤਰੇਤ ਦੇ ਸਕੱਤਰ ਸ. ਗੁਰਦਰਸ਼ਨ ਸਿੰਘ ਵਲੋਂ ਜਾਰੀ ਇਸ ਬਿਆਨ ਉਤੇ ਦਸਤਖਤ ਕਰਨ ਵਾਲਿਆਂ ਵਿਚ ਸੰਯੁਕਤ ਅਕਾਲੀ ਦਲ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਸ. ਤੋਗਾ ਸਿੰਘ ਬਠਿੰਡਾ, ਦਲ ਦੀ ਬਠਿੰਡਾ ਜ਼ਿਲਾ ਇਕਾਈ ਦੇ ਜਨਰਲ ਸਕੱਤਰ ਬਲਜੀਤ ਸਿੰਘ, ਜ਼ਿਲਾ ਖਜ਼ਾਨਚੀ ਬਲਜੀਤ ਸਿੰਘ ਗਿੱਲ, ਸਰਕਲ ਕਨਵੀਨਰ ਨਿਰਮਲ ਸਿੰਘ ਲਹਿਰਾਗਾਗਾ, ਬਲਬੀਰ ਸਿੰਘ ਗਿੱਲ, ਰਘਬੀਰ ਸਿੰਘ ਢਿੱਲੋਂ, ਜ਼ਿਲਾ ਇਕਾਈ ਮੈਂਬਰ ਬਲਵੰਤ ਸਿੰਘ ਢਿੱਲੋਂ ਐਡਵੋਕੇਟ, ਗੁਰਜੰਟ ਸਿੰਘ ਬਰਾੜ ਐਡਵੋਕੇਟ, ਸੰਯੁਕਤ ਅਕਾਲੀ ਦਲ ਅੰਮ੍ਰਿਤਸਰ ਜ਼ਿਲਾ ਇਕਾਈ ਦੇ ਜਨਰਲ ਸਕੱਤਰ ਸ. ਅਮਰਜੀਤ ਸਿੰਘ ਕੰਡਾ, ਸਕੱਤਰ ਦਿਲਬਾਗ ਸਿੰਘ ਤੇ ਰਤਨ ਸਿੰਘ ਸ਼ਾਮਲ ਹਨ।

ਕਪੂਰਥਲਾ — ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕਾਨੂੰਨੀ ਸਲਾਹਕਾਰ ਹਰਜੀਤ ਸਿੰਘ ਸੰਧੂ ਅਤੇ ਉਪ ਪ੍ਰਧਾਨ ਗੁਰਮੀਤ ਸਿੰਘ ਖਾਲਸਾ ਨੇ ਦਮਦਮੀ ਟਕਸਾਲ ਦੇ ਬੁਲਾਰੇ ਬਾਬਾ ਠਾਕਰ ਸਿੰਘ ਅਤੇ ਫੈਡਰੇਸ਼ਨ ਦੇ ਕਨਵੀਨਰ ਸ੍ਰੀ ਹਰਿੰਦਰ ਸਿੰਘ ਕਾਹਲੋਂ ਦੀ ਲੀਡਰਸ਼ਿਪ ਵਿਚ ਮੁਕੰਮਲ ਵਿਸ਼ਵਾਸ਼ ਦਾ ਪ੍ਰਗਟਾਵਾ ਕੀਤਾ ਹੈ। ਇਥੋਂ ਪ੍ਰੈਸ ਦੇ ਨਾਂ ਜਾਰੀ ਕੀਤੇ ਇਕ ਸਾਂਝੇ ਬਿਆਨ ਵਿਚ ਇਨ੍ਹਾਂ ਦੋਵਾਂ ਨੇਤਾਵਾਂ ਨੇ ਦਾਅਵਾ ਕੀਤਾ ਹੈ ਕਿ ਇਹ ਦੋਵੇਂ ਹੀ ਜਥੇਬੰਦੀਆਂ ਹਨ ਜਿਨ੍ਹਾਂ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਦਰ ਫੌਜੀ ਕਾਰਵਾਈ ਤੋਂ ਬਾਅਦ ਸਿੱਖਾਂ ਨੂੰ ਸਹੀ ਰਾਜਸੀ ਦਿਸ਼ਾ ਮੁਹੱਈਆ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ। ਫੈਡਰੇਸ਼ਨ ਨੇਤਾਵਾਂ ਨੇ ਆਖਿਆ ਕਿ ਦਮਦਮੀ ਟਕਸਾਲ ਨੇ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਜੋ ਰੋਲ ਨਿਭਾਇਆ, ਉਹ ਹਮੇਸ਼ਾਂ ਯਾਦ ਰੱਖਿਆ ਜਾਵੇਗਾ ਅਤੇ ਫੈਡਰੇਸ਼ਨ ਹਮੇਸ਼ਾ ਟਕਸਾਲ ਦੇ ਰਹਿਨੁਮਾਵਾਂ ਤੋਂ ਅਗਵਾਈ ਹਾਸਲ ਕਰਦੀ ਰਹੇਗੀ। ਉਨ੍ਹਾਂ ਦੋਸ਼ ਲਾਇਆ ਕਿ ਪੁਲੀਸ ਵਲੋਂ ਝੂਠੇ ਪੁਲੀਸ ਮੁਕਾਬਲੇ ਬਣਾ ਕੇ ਬੇਗੁਨਾਹ ਸਿੱਖ ਨੌਜਵਾਨਾਂ ਦਾ ਕਤਲੇਆਮ ਕੀਤਾ ਜਾ ਰਿਹਾ ਹੈ। ਅਜਿਹੇ ਮੁਕਾਬਲਿਆਂ ਦੀ ਸਚਾਈ ਲੋਕਾਂ ਸਾਹਮਣੇ ਲਿਆਉਣ ਲਈ ਇਨ੍ਹਾਂ ਦੀ ਜੁਡੀਸ਼ਲ ਜਾਂਚ ਕਰਵਾਈ ਜਾਣੀ ਚਾਹੀਦੀ ਹੈ।

ਵੈਂਕਟਰਮਈਆ ਕਮਿਸ਼ਨ ਉਥੇ ਦਾ ਉਥੇ

ਨਵੀਂ ਦਿੱਲੀ — ਹਰਿਆਣਾ ਨੇ ਪੰਜਾਬ ਦੇ ਹਿੰਦੀ-ਭਾਸ਼ੀ ਇਲਾਕਿਆਂ ਬਾਰੇ ਆਪਣਾ ਦਾਅਵਾ ਵੈਂਕਟਰਮਈਆ ਕਮਿਸ਼ਨ ਕੋਲ ਦਾਖਲ ਨਹੀਂ ਕੀਤਾ। ਅਜਿਹਾ ਇਸ ਆਧਾਰ 'ਤੇ ਕੀਤਾ ਗਿਆ ਕਿ ਕੇਂਦਰ ਸਰਕਾਰ ਨੇ ਮੈਥਿਊ ਕਮਿਸ਼ਨ ਦੀ ਰਿਪੋਰਟ ਦੀ ਨਕਲ ਉਸ ਨੂੰ ਅਜੇ ਤਾਈਂ ਮੁਹੱਈਆ ਨਹੀਂ ਕੀਤੀ। ਕੇਂਦਰ ਸਰਕਾਰ ਵਲੋਂ ਇਸ ਗੱਲ ਦਾ ਕੋਈ ਸੰਕੇਤ ਨਾ ਦਿਤੇ ਜਾਣ ਕਾਰਨ ਕਿ ਉਹ ਪੰਜਾਬ ਤੇ ਹਰਿਆਣਾ ਸਰਕਾਰਾਂ ਨੂੰ ਮੈਥਿਊ ਕਮਿਸ਼ਨ ਦੀ ਰਿਪੋਰਟ ਦੀਆਂ ਨਕਲਾਂ ਕਦੋਂ ਕੁ ਪ੍ਰਦਾਨ ਕਰੇਗੀ, ਵੈਂਕਟਰਮਈਆ ਕਮਿਸ਼ਨ ਦੀ ਭਵਿਖ ਦੀ ਕਾਰਵਾਈ ਸਬੰਧੀ ਗੈਰ-ਯਕੀਨੀ ਦੀ ਸਥਿਤੀ ਪੈਦਾ ਹੋ ਗਈ ਹੈ।

ਪੰਜਾਬ ਨੂੰ ਹਰਿਆਣੇ ਦੇ ਦਾਅਵੇ ਦਾ ਜਵਾਬ ਦੇਣ ਲਈ ਅਗਲੇ ਤਿੰਨ ਦਿਨਾਂ ਦਾ ਸਮਾਂ ਦਿੱਤਾ ਗਿਆ ਸੀ। ਕਮਿਸ਼ਨ ਨੇ ਕੁਝ ਦਿਨ ਪਹਿਲਾਂ ਦੋਹਾਂ ਰਾਜ ਸਰਕਾਰਾਂ ਦੇ ਇਸ ਤਰਕ ਨੂੰ ਪ੍ਰਵਾਨ ਕਰ ਲਿਆ ਸੀ ਕਿ ਮੈਥਿਊ ਕਮਿਸ਼ਨ ਦੀ ਰਿਪੋਰਟ ਦੀਆਂ ਨਕਲਾਂ ਦਾਖਲ ਨਹੀਂ ਕਰ ਸਕਣਗੀਆਂ। ਕਿਉਂਕਿ ਹਰਿਆਣਾ ਨੇ ਆਪਣਾ ਦਾਅਵਾ ਦਾਖਲ ਨਹੀਂ ਕੀਤਾ, ਇਸ ਲਈ ਪੰਜਾਬ ਵਲੋਂ ਜਵਾਬੀ ਦਾਅਵਾ ਅਗਲੇ ਤਿੰਨ ਦਿਨਾਂ ਦੌਰਾਨ ਦਾਇਰ ਕੀਤੇ ਜਾਣ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ। ਵੈਂਕਟਰਮਈਆ ਕਮਿਸ਼ਨ ਨੇ 10 ਮਈ ਤੋਂ ਦੋਹਾਂ ਰਾਜਾਂ ਦੇ ਦਾਅਵਿਆਂ ਬਾਰੇ ਜਨਤਕ ਸੁਣਵਾਈ ਸ਼ੁਰੂ ਕਰਨੀ ਸੀ। ਉਸ ਨੂੰ 31 ਮਈ ਤਕ ਆਪਣੀ ਰਿਪੋਰਟ ਦੇਣ ਦੀ ਮੋਹਲਤ ਦਿਤੀ ਗਈ ਸੀ। ਪਰ ਹਰਿਆਣਾ ਸਰਕਾਰ ਵਲੋਂ ਦਾਅਵਾ ਦਾਖਲ ਨਾ ਕੀਤੇ ਜਾਣ ਕਾਰਨ ਕਮਿਸ਼ਨ ਵਲੋਂ ਆਪਣਾ ਕੰਮ 31 ਮਈ ਤਕ ਮੁਕੰਮਲ ਕਰ ਲੈਣਾ ਸੰਭਵ ਨਹੀਂ ਜਾਪਦਾ। ਸਮਝਿਆ ਜਾਂਦਾ ਹੈ ਕਿ ਕੇਂਦਰ ਖੁਦ ਵੀ ਮੈਥਿਊ ਕਮਿਸ਼ਨ ਦੀ ਰਿਪੋਰਟ ਨੂੰ ਲੈ ਕੇ ਉਲਝਣ ਵਿਚ ਫਸਿਆ ਹੋਇਆ ਹੈ। ਕੇਂਦਰੀ ਗ੍ਰਹਿ ਮੰਤਰਾਲੇ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਮੈਥਿਊ ਕਮਿਸ਼ਨ ਦੀ ਰਿਪੋਰਟ ਦੇ ਕੁਝ ਹਿਸੇ "ਬਹੁਤ ਗੁਪਤ ਕਿਸਮ ਦੇ ਹਨ" ਤੇ ਉਨ੍ਹਾਂ ਦੀਆਂ ਨਕਲਾਂ ਜਾਰੀ ਕੀਤੇ ਜਾਣਾ ਕਈ ਕਿਸਮ ਦੀਆਂ ਸਮੱਸਿਆਵਾਂ ਪੈਦਾ ਕਰ ਸਕਦਾ ਹੈ।

ਪੰਜਾਬ ਤੇ ਹਰਿਆਣਾ ਨੂੰ ਰਿਪੋਰਟ ਦੀਆਂ ਨਕਲਾਂ ਜਾਰੀ ਕਰਨ ਸਬੰਧੀ ਫੈਸਲਾ ਬਹੁਤ ਉਚ-ਸਰਕਾਰੀ ਪੱਧਰ 'ਤੇ ਲਏ ਜਾਣ ਦੀ ਸੰਭਾਵਨਾ ਹੈ। ਹਰਿਆਣਾ ਸਰਕਾਰ ਨੇ ਆਪਦਾ ਦਾਅਵਾ ਦਾਖਲ ਕਰਨ ਲਈ ਕਮਿਸ਼ਨ ਪਾਸੋਂ ਕੁਝ ਹੋਰ ਦਿਨਾਂ ਦੀ ਮੋਹਲਤ ਮੰਗੀ ਹੈ।

ਉਤਰ ਭਾਰਤ 'ਚ ਹੜ੍ਹਾਂ ਤੇ ਭੂਚਾਲ ਨਾਲ ਮੌਤਾਂ ਦੀ ਗਿਣਤੀ 27

ਚੰਡੀਗੜ੍ਹ — ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਜ਼ਿਲੇ ਵਿਚ ਪਿਛਲੇ 24 ਘੰਟਿਆਂ ਦੌਰਾਨ ਤਿੰਨ ਹੋਰ ਮੌਤਾਂ ਹੋਣ ਦੀਆਂ ਸੂਚਨਾਵਾਂ ਮਿਲਣ ਨਾਲ ਉਤਰੀ ਭਾਰਤ ਵਿਚ ਹੜ੍ਹਾਂ, ਭੂਚਾਲ ਤੇ ਬਾਰਸ਼ਾਂ ਕਾਰਨ ਮਰਨ ਵਾਲਿਆਂ ਦੀ ਗਿਣਤੀ 27 ਹੋ ਗਈ ਹੈ। ਇਥੇ ਪ੍ਰਾਪਤ ਸੂਚਨਾਵਾਂ ਅਨੁਸਾਰ ਹਿਮਾਚਲ ਪ੍ਰਦੇਸ਼ ਦੇ ਧਰਮਸ਼ਾਲਾ ਤੇ ਕਾਂਗੜਾ ਜ਼ਿਲਿਆਂ ਵਿਚ ਭੂਚਾਲਾਂ ਕਾਰਨ ਮਕਾਨ ਡਿੱਗਣ ਦੀਆਂ ਘਟਨਾਵਾਂ ਵਿਚ ਹੋਈਆਂ ਛੇ ਮੌਤਾਂ ਤੋਂ ਇਲਾਵਾ ਤਿੰਨ ਹੋਰ ਵਿਅਕਤੀ ਧਰਮਸ਼ਾਲਾ ਤੇ ਕਾਂਗੜਾ ਸ਼ਹਿਰਾਂ ਦੇ ਆਸ-ਪਾਸ ਭਾਰੀ ਬਾਰਸ਼ਾਂ ਕਾਰਨ ਆਏ ਹੜ੍ਹਾਂ ਵਿਚ ਵਹਿ ਗਏ।

ਹੁਣ ਤੱਕ ਜੰਮੂ-ਕਸ਼ਮੀਰ ਵਿਚ ਹੜ੍ਹਾਂ ਤੇ ਬਾਰਸ਼ਾਂ ਕਾਰਨ ਗਿਆਰਾਂ ਮੌਤਾਂ ਹੋ ਗਈਆਂ ਹਨ। ਪੰਜਾਬ ਤੇ ਹਰਿਆਣਾ ਵਿਚ ਵੀ ਬਾਰਸ਼ਾਂ ਕਾਰਨ ਕਰਮਵਾਰ ਚਾਰ ਤੇ ਦੋ ਮੌਤਾਂ ਹੋਈਆਂ ਹਨ ਜਦੋਂ ਕਿ ਚੰਡੀਗੜ੍ਹ ਵਿਚ ਇਕ ਵਿਅਕਤੀ ਬਾਰਸ਼ ਦੌਰਾਨ ਕੰਧ ਡਿੱਗਣ ਕਾਰਨ ਮਰਿਆ।

❋ ਪ੍ਰੋਫੇਸਰ ਚੋਪੜਾ ਨੂੰ ਇਕ ਮਿੱਤਰ ਕਈ ਵਰਿਆਂ ਪਿਛੋਂ ਮਿਲਿਆ ਤਾਂ ਪੁਛਣ ਲਗਾ :
"ਸੁਣਾ ਬਈ ਚੋਪੜਾ! ਕੈਸਾ ਲਗਿਆ ਪ੍ਰੋਫੈਸਰ ਬਣਕੇ ?"

ਪ੍ਰੋਫੈਸਰ ਚੋਪੜਾ : ਕੁਝ ਨਾਂ ਪੁਛ ਯਾਰ! ਪਹਿਲੇ ਸਾਰੀ ਉਮਰ ਡਰਦੇ ਰਹੇ ਕਿ ਕੋਈ ਪ੍ਰੋਫੈਸਰ ਸਵਾਲ ਨਾ ਪੁਛ ਲਏ ਅਤੇ ਹੁਣ ਇਹ ਡਰ ਲਗਦਾ ਰਹਿੰਦਾ ਹੈ ਕਿ ਕੋਈ ਵਿਦਿਆਰਥੀ ਸਵਾਲ ਨਾ ਪੁਛ ਲਏ।

ਅਸਥਿਰ ਮਾਹੌਲ ਕਾਰਨ ਆਰਥਿਕਤਾ ਉਤੇ ਪ੍ਰਭਾਵ

ਨਥਾਣਾ — ਪੰਜਾਬ ਵਿਚ ਬੀਤੇ ਕੁਝ ਸਾਲਾਂ ਤੋਂ ਅਸਥਿਰਤਾ ਵਾਲਾ ਮਾਹੌਲ ਰਹਿਣ ਕਾਰਨ ਰਾਜ ਦੀ ਆਰਥਿਕਤਾ ਉਪਰ ਕਾਫੀ ਮਾੜਾ ਅਸਰ ਪਿਆ ਹੈ। ਸਿੱਟੇ ਵਜੋਂ ਵਿਉਪਾਰੀ, ਕਿਸਾਨ, ਮਜ਼ਦੂਰ ਅਤੇ ਕਾਰਖਾਨੇਦਾਰ ਇਸ ਦਾ ਸ਼ਿਕਾਰ ਹੋਏ ਹਨ। ਇਕ ਜਾਣਕਾਰੀ ਅਨੁਸਾਰ ਰਾਜ ਵਿਚ ਸਹਿਮ ਵਾਲਾ ਵਾਤਾਵਰਣ ਹੋਣ ਕਰਕੇ ਵੱਡੇ ਵੱਡੇ ਵਿਉਪਾਰੀ ਇਥੇ ਆਪਣੇ ਕਾਰੋਬਾਰ ਕਰਨ ਤੋਂ ਝਿਜਕਦੇ ਰਹੇ ਹਨ ਅਤੇ ਉਨ੍ਹਾਂ ਅਜਿਹੀ ਸਥਿਤੀ ਵਿਚ ਦੂਜੇ ਸੂਬਿਆਂ 'ਚ ਵਿਉਪਾਰ ਕਰਨ ਨੂੰ ਵਧੇਰੇ ਤਰਜੀਹ ਦਿਤੀ। ਇਕ ਰਿਪੋਰਟ ਅਨੁਸਾਰ ਰਾਜ ਵਿਚ ਹੋਈ ਫੌਜੀ ਕਾਰਵਾਈ ਤੋਂ ਬਾਅਦ ਵੱਖ ਵੱਖ ਸ਼ਹਿਰਾਂ ਚੋਂ ਵਿਉਪਾਰੀ ਲੋਕ ਦੂਜੇ ਸੂਬਿਆਂ ਨੂੰ ਚਲੇ ਗਏ ਹਨ। ਇਸੇ ਤਰ੍ਹਾਂ ਕਿਸਾਨਾਂ ਨੂੰ ਵੀ ਉਨ੍ਹਾਂ ਦੀਆਂ ਜਿਣਸਾਂ ਦਾ ਲਾਹੇਵੰਦਾ ਮੁੱਲ ਨਹੀਂ ਮਿਲ ਸਕਿਆ। ਮਿਸਾਲ ਵਜੋਂ ਇਸ ਸਾਲ ਕਣਕ ਦੀ ਖਰੀਦ ਕੀਮਤ ਕਿਸਾਨਾਂ ਨੂੰ 162 ਰੁਪਏ ਪ੍ਰਤੀ ਕੁਇੰਟਲ ਦਿਤੀ ਜਾ ਰਹੀ ਹੈ ਜਦੋਂ ਕਿ ਪਿਛਲੇ ਸਾਲ ਵੀ ਕਿਸਾਨਾਂ ਨੂੰ ਅਜਿਹੇ ਭਾਅ ਹੀ ਮਿਲੇ ਸਨ। ਇਸੇ ਤਰ੍ਹਾਂ ਜਿਥੇ ਪਿਛਲੀ ਵਾਰ ਝੋਨੇ ਦੀ ਖਰੀਦ ਸਮੇਂ ਬੇਕਦਰੀ ਹੋਈ ਸੀ ਉਥੇ ਇਸ ਵਾਰ ਕਿਸਾਨਾਂ ਨੂੰ ਨਰਮੇ ਦੀ ਫਸਲ 'ਚ ਭਾਰੀ ਨੁਕਸਾਨ ਉਠਾਉਣਾ ਪਿਆ। ਬਹੁਤ ਸਾਰੇ ਕਿਸਾਨਾਂ ਨੇ ਨਰਮੇ ਦੇ ਭਾਅ ਵਧ ਜਾਣ ਦੇ ਲਾਲਚ ਨਾਲ ਕਈ ਮਹੀਨੇ ਜਮ੍ਹਾਂ ਰੱਖਿਆ ਸੀ। ਪ੍ਰੰਤੂ ਉਨ੍ਹਾਂ ਨੂੰ ਕਈ ਮਹੀਨੇ ਨਰਮੇ ਦੀ ਫਸਲ ਸਾਂਭਣ ਦੇ ਬਾਵਜੂਦ ਵੀ ਕਾਫੀ ਘੱਟ ਮੁੱਲ 'ਤੇ ਵੇਚਣਾ ਪਿਆ। ਕਈ ਕਿਸਾਨ ਆਗੂਆਂ ਨੇ ਮੁਲਾਕਾਤ ਦੌਰਾਨ ਦੱਸਿਆ ਕਿ ਸਰਕਾਰ ਖਜ਼ਾਨਾ ਖਾਲੀ ਹੋਣ ਦੇ ਬਿਆਨ ਦੇ ਕੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਜਿਣਸਾਂ ਦੇ ਲਾਹੇਵੰਦੇ ਭਾਅ ਨਹੀਂ ਦੇ ਰਹੀ ਜਿਸ ਕਾਰਨ ਕਿਸਾਨ ਆਰਥਿਕ ਪੱਖੋਂ ਤਬਾਹੀ ਵਲ ਜਾ ਰਹੇ ਹਨ।

ਪੰਜਾਬ ਵਿਚ ਮਜ਼ਦੂਰੀ ਕਰਨ ਵਾਲੇ ਲੋਕਾਂ ਦੀ ਗਿਣਤੀ ਕਾਫੀ ਜ਼ਿਆਦਾ ਹੈ। ਅਸਥਿਰਤਾ ਵਾਲੇ ਅਤੇ ਅਸ਼ਾਂਤ ਮਾਹੌਲ ਕਾਰਨ ਮਜ਼ਦੂਰਾਂ ਨੂੰ ਵੀ ਪੂਰਾ ਕੰਮ ਨਹੀਂ ਮਿਲ ਸਕਿਆ। ਰਾਜ ਵਿਚ ਨਵੇਂ ਕਾਰਖਾਨੇ ਲਾਉਣ ਵਾਲਿਆਂ ਦੀ ਰਫਤਾਰ ਕਾਫੀ ਮੱਧਮ ਹੈ। ਇਸ ਗੱਲ ਨੂੰ ਰਾਜ ਸਰਕਾਰ ਵੀ ਸਵੀਕਾਰ ਕਰਦੀ ਹੈ ਕਿ ਪੰਜਾਬ ਵਿਚ ਨਵੇਂ ਕਾਰਖਾਨੇ ਲਗਾਉਣ ਤੋਂ ਕਾਰਖਾਨੇਦਾਰ ਸੰਕੋਚ ਕਰਦੇ ਹਨ। ਇਕ ਹੋਰ ਜਾਣਕਾਰੀ ਅਨੁਸਾਰ ਪੰਜਾਬ ਦੇ ਪ੍ਰਸਿਧ ਸਨਅਤੀ ਸ਼ਹਿਰ ਬਟਾਲੇ ਵਿਚ ਪਿਛਲੇ ਮਹੀਨੇ ਲਗਾਤਾਰ ਕਈ ਦਿਨ ਕਰਫੀਊ ਲਗਿਆ ਹੋਣ ਕਾਰਨ ਉਥੋਂ ਦੀ ਸਨਅਤ 'ਤੇ ਕਾਫੀ ਮਾੜਾ ਅਸਰ ਪਿਆ। ਮਿਸਾਲ ਵਜੋਂ ਕਣਕ ਦੀ ਕਢਾਈ ਲਈ ਵਰਤੀਆਂ ਜਾਣ ਵਾਲੀਆਂ ਮਸ਼ੀਨਾਂ ਅਤੇ ਥਰੈਸ਼ਰਾਂ ਦਾ ਕਈ ਪਰਕਾਰ ਦਾ ਸਮਾਨ ਤਿਆਰ ਨਹੀਂ ਹੋ ਸਕਿਆ। ਸਿੱਟੇ ਵਜੋਂ ਇਨ੍ਹੀਂ ਦਿਨੀਂ ਇਸ ਸਮਾਨ ਦੀ ਮਾਰਕੀਟ ਵਿਚ ਕਾਫੀ ਜ਼ਿਆਦਾ ਕਿੱਲਤ ਮਹਿਸੂਸ ਕੀਤੀ ਜਾ ਰਹੀ ਹੈ। ਕੰਮ ਚਲਾਉਣ ਲਈ ਲੋਕਾਂ ਨੇ ਹਰਿਆਣਾਂ ਦੀਆਂ ਮੰਡੀਆਂ ਟੋਹਾਣਾ, ਨਰਵਾਣਾ, ਆਦਿ ਦੀਆਂ ਫਾਊਂਡਰੀਆਂ ਤੋਂ ਮਾਲ ਖਰੀਦ ਕੇ ਕੰਮ ਟਪਾਉਣ ਦੀ ਕੋਸ਼ਿਸ਼ ਕੀਤੀ ਹੈ ਪ੍ਰੰਤੂ ਇਹ ਕੋਈ ਤਸੱਲੀਬਖਸ਼ ਗੱਲ ਨਹੀਂ ਕਹੀ ਜਾ ਸਕਦੀ। ਵਪਾਰੀਆਂ ਤੇ ਲੋਕਾਂ ਦੀ ਇੱਛਾ ਹੈ ਕਿ ਰਾਜ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਰਾਜ ਵਿਚ ਸ਼ਾਂਤਮਈ ਮਾਹੌਲ ਪੈਦਾ ਕਰਨਾ ਅਤਿ ਜ਼ਰੂਰੀ ਹੈ ਜਿਸ ਵਿਚ ਸਰਕਾਰ ਅਤੇ ਲੋਕਾਂ ਨੂੰ ਮਿਲ ਕੇ ਯੋਗਦਾਨ ਪਾਉਣਾ ਚਾਹੀਦਾ ਹੈ।

ਦਹਿਸ਼ਤਪਸੰਦਾਂ ਨੂੰ ਆਮ ਮੁਆਫੀ ਦਿਤੀ ਜਾਵੇ — ਅਚਾਰੀਆ

ਜਲੰਧਰ — ਇਥੇ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਅਚਾਰੀਆ ਸੁਸ਼ੀਲ ਮੁਨੀ ਨੇ ਦਹਿਸ਼ਤਪਸੰਦਾਂ ਨੂੰ ਕਿਹਾ ਕਿ ਉਹ ਆਤਮ-ਸਮਰਪਣ ਕਰ ਦੇਣ ਅਤੇ ਚੰਗੇ ਸ਼ਹਿਰੀਆਂ ਵਾਂਗ ਸ਼ਾਂਤਮਈ ਜੀਵਨ ਗੁਜਾਰਨ। ਉਨ੍ਹਾਂ ਨੇ ਸਰਕਾਰ ਨੂੰ ਕਿਹਾ ਕਿ ਉਹ ਗੁਮਰਾਹ ਹੋਏ ਦਹਿਸ਼ਤਪਸੰਦਾਂ ਨੂੰ ਮੁਆਫ ਕਰ ਦੇਵੇ। ਅਚਾਰੀਆ ਮੁਨੀ ਨੇ ਕਿਹਾ ਕਿ ਹਿੰਸਾ ਨਾਲ ਕਦੇ ਵੀ ਕੋਈ ਮਸਲਾ ਹੱਲ ਨਹੀਂ ਹੁੰਦਾ। ਇਥੋਂ ਤਕ ਕਿ ਹਿਟਲਰ ਲੱਖਾਂ ਯਹੂਦੀਆਂ ਨੂੰ ਮਾਰ ਕੇ ਵੀ ਨਾਜ਼ੀਆਂ ਨੂੰ ਖਤਮ ਨਹੀਂ ਸੀ ਕਰ ਸਕਿਆ। ਉਨ੍ਹਾਂ ਕਿਹਾ ਕਿ ਧਾਰਮਿਕ ਅਸਥਾਨਾਂ ਦੀ ਦੁਰਵਰਤੋਂ ਨਹੀਂ ਹੋਣੀ ਚਾਹੀਦੀ। ਉਨ੍ਹਾਂ ਇਸ ਗੱਲ ਉਤੇ ਦੁਖ ਪ੍ਰਗਟ ਕੀਤਾ ਕਿ ਇਸ ਸਮੇਂ ਧਰਮ ਉਤੇ ਸਿਆਸਤ ਭਾਰੂ ਹੈ। ਉਨ੍ਹਾਂ ਨੇ ਸਰਕਾਰ ਨੂੰ ਕਿਹਾ ਕਿ ਦੂਜੇ ਰਾਜਾਂ ਵਿਚ ਰਹਿੰਦੇ ਸਿੱਖਾਂ ਨੂੰ ਪੰਜਾਬ ਵਿਚ ਆ ਕੇ ਵਸਣ ਲਈ ਉਤਸ਼ਾਹਿਤ ਨਾ ਕਰੇ ਅਤੇ ਪੰਜਾਬ ਵਿਚੋਂ ਹਿੰਦੂ ਬਾਹਰ ਜਾਣ ਬਾਰੇ ਸੋਚਣਾ ਹੀ ਛੱਡ ਦੇਣ।

ਹਿੰਦੂਆਂ ਨੂੰ 'ਸ਼ਾਵਨਵਾਦੀ' ਆਖਣ 'ਤੇ ਲੋਕ ਸਭਾ 'ਚ ਹੰਗਾਮਾ

ਨਵੀਂ ਦਿੱਲੀ — ਜਨਤਾ ਪਾਰਟੀ ਦੇ ਸੀਨੀਅਰ ਆਗੂ ਸਯੱਅਦ ਸ਼ਹਾਬੁਦੀਨ ਵਲੋਂ ਆਸਟਰੇਲਿਆਈ ਰੇਡੀਓ ਨੂੰ ਦਿੱਤੀ ਇਕ ਕਥਿਤ ਭੜਕਾਊ ਇੰਟਰਵਿਊ ਵਿਰੁਧ ਲੋਕ ਸਭਾ ਅੰਦਰ ਅੰਨਾ ਡੀ. ਐਮ. ਕੇ. ਮੈਂਬਰ ਸ੍ਰੀ ਪੀ. ਕੋਲਨਡਾਈਵੇਲੂ ਵਲੋਂ ਪੇਸ਼ ਕੀਤੇ ਗਏ ਮਰਿਯਾਦਾ ਮਤੇ ਦੀ ਬਹੁਤ ਸਾਰੇ ਵਿਰੋਧੀ ਧਿਰ ਦੇ ਮੈਂਬਰਾਂ ਸਮੇਤ ਸਮੂਹ ਕਾਂਗਰਸ (ਆਈ) ਮੈਂਬਰਾਂ ਵਲੋਂ ਜ਼ੋਰਦਾ ਪ੍ਰੋੜ੍ਹਤਾ ਕੀਤੀ ਗਈ। 13 ਅਪਰੈਲ 1986 ਦੇ ਦਿਨ ਆਸਟਰੇਲਿਆਈ ਰੇਡੀਓ ਵਲੋਂ ਨਸ਼ਰ ਕੀਤੀ ਗਈ ਇੰਟਰਵਿਊ ਵਿਚ ਸ੍ਰੀ ਸ਼ਹਾਬੁਦੀਨ ਨੇ ਕਿਹਾ ਸੀ ਕਿ ਭਾਰਤੀ ਹਥਿਆਰਬੰਦ ਫੌਜਾਂ ਜੋ ਕਿ ਨਾਗਾਲੈਂਡ ਵਿਚ ਬਗਾਵਤ ਨੂੰ ਦਬਾਉਣ ਵਿਚ ਅਸਫਲ ਰਹੀਆਂ ਹਨ ਅਤੇ ਪੰਜਾਬ ਅੰਦਰ ਸਥਿਤੀ ਨਾਲ ਨਿਪਟਣ ਦੇ ਮਾਮਲੇ ਵਿਚ ਬੇਬਸੀਮਹਿਸੂਸ ਕਰ ਰਹੀਆਂ ਹਨ, ਉਹ ਉਸ ਸੂਰਤ ਵਿਚ ਕੀ ਕਰਨਗੀਆਂ ਜੇਕਰ ਮੁਸਲਿਮ ਘੱਟ ਗਿਣਤੀ ਨਾਲ ਸਬੰਧਤ ਨੌਜਵਾਨ ਵੀ ਹਿੰਦੂ ਸ਼ਾਵਨਵਾਦ ਨਾਲ ਲੋਹਾ ਲੈਣ ਲਈ ਬਜ਼ਾਰਾਂ ਅੰਦਰ ਨਿਕਲ ਆਏ।

ਸਯੱਅਦ ਸ਼ਹਾਬੁਦੀਨ ਨੇ ਚਿਤਾਵਨੀ ਦਿਤੀ ਸੀ ਕਿ 'ਮੈਨੂੰ ਉਸ ਘੜੀ ਦੇ ਤਸੱਵਰ ਤੋਂ ਹੀ ਕੰਬਣੀ ਛਿੜ ਜਾਂਦੀ ਹੈ ਕਿ ਉਸ ਹਾਲਤ ਵਿਚ ਕੀ ਬਣੇਗਾ ਜੇਕਰ ਮੁਸਲਿਮ ਨੌਜਵਾਨ ਵੀ ਇਸ ਨਤੀਜੇ ਉਤੇ ਅਪੜ ਗਏ ਕਿ ਆਪਣੇ ਹੱਕਾਂ ਦੀ ਪੂਰਤੀ ਲਈ ਹੁਣ ਸਰਕਾਰ ਵਿਰੁਧ ਲੜਾਈ ਆਰੰਭ ਕਰਨ ਤੋਂ ਛੁੱਟ ਕੋਈ ਹੋਰ ਚਾਰਾ ਨਹੀਂ ਰਿਹਾ।


ਗੁਰਦੁਆਰਾ ਕਮੇਟੀ ਦੀਆਂ ਆਮ ਚੋਣਾਂ ਕਰਵਾਈਆਂ ਜਾਣ

ਨਵੀਂ ਦਿੱਲੀ — ਬਖਸ਼ੀ ਜਗਦੇਵ ਸਿੰਘ ਚੇਅਰਮੈਨ ਸਿੱਖ ਬ੍ਰਦਰਹੁਡ ਇੰਟਰਨੈਸ਼ਨਲ ਨੇ ਅੰਦਰੂਨੀ ਸੁਰੱਖਿਆ ਦੇ ਕੇਂਦਰੀ ਮੰਤਰੀ ਸ੍ਰੀ ਅਰੁਣ ਨਹਿਰੂ ਨੂੰ ਇਕ ਚਿੱਠੀ ਲਿਖ ਕੇ ਮੰਗ ਕੀਤੀ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਜਨਰਲ ਚੋਣਾਂ ਛੇਤੀ ਤੋਂ ਛੇਤੀ ਕਰਵਾਏ ਜਾਣ ਦੇ ਪ੍ਰਬੰਧ ਕੀਤੇ ਜਾਣ, ਕਿਉਂਕਿ ਕਮੇਟੀ ਦੇ ਵਰਤਮਾਨ ਜਨਰਲ ਹਾਊਸ ਦੀ ਮਿਆਦ ਖਤਮ ਹੋਇਆਂ ਦੋ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ।

ਇਥੇ ਇਹ ਵਰਨਣਯੋਗ ਹੈ ਕਿ ਸ਼ਰੋਮਣੀ ਅਕਾਲੀ ਦਲ (ਲੌਂਗੋਵਾਲ) ਦੇ ਪ੍ਰਧਾਨ ਸ. ਸੁਰਜੀਤ ਸਿੰਘ ਬਰਨਾਲਾ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਲੌਂਗੋਵਾਲ ਦੀ ਨਾਲ ਸਬੰਧਤ ਅਠਾਈ ਮੈਂਬਰਾਂ ਵਲੋਂ ਯਾਦ ਪੱਤਰ ਦਿਤੇ ਜਾਣ 'ਤੇ ਕਮੇਟੀ ਦੇ ਜਨਰਲ ਸਕੱਤਰ ਹੈਡਮਾਸਟਰ ਸੁਚਾ ਸਿੰਘ ਨੂੰ ਲਿਖਿਆ ਹੈ ਕਿ ਉਹ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਮਈ ਦੇ ਦੂਜੇ ਹਫਤੇ ਤੱਕ ਕਰਵਾਉਣ ਦੇ ਪ੍ਰਬੰਧ ਕਰਨ। ਜੇਕਰ ਬਖਸ਼ੀ ਜਗਦੇਵ ਸਿੰਘ ਦੀ ਗੱਲ ਮੰਨ ਕੇ ਜਨਰਲ ਚੋਣਾਂ ਕਰਵਾਏ ਜਾਣ ਵੱਲ ਕਦਮ ਵਧਾਇਆ ਜਾਂਦਾ ਹੈ ਤਾਂ ਅਹੁਦੇਦਾਰਾਂ ਦੀ ਚੋਣ ਪਿਛੇ ਪਾਈ ਜਾ ਸਕਦੀ ਹੈ। ਦੂਜੇ ਪਾਸੇ ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਕੇਂਦਰੀ ਸਰਕਾਰ ਆਲ ਇੰਡੀਆ ਗੁਰਦੁਆਰਾ ਐਕਟ ਬਣਾ ਕੇ ਉਸ ਅਨੁਸਾਰ ਹੀ ਜਨਰਲ ਚੋਣਾਂ ਕਰਵਾਉਣਾ ਚਾਹੁੰਦੀ ਹੈ। ਇਸ ਲਈ ਦਿੱਲੀ ਸਟੇਟ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚੋਂ ਕਿਸੇ ਦੀਆਂ ਵੀ ਛੇਤੀ ਜਨਰਲ ਚੋਣਾਂ ਕਰਵਾਏ ਜਾਣ ਦੀ ਸੰਭਾਵਨਾ ਨਹੀਂ ਹੈ।

ਦਰਪਣ

ਸਤਿਆਰਥੀ ਨੂੰ ਮਨਜੀਤ ਯਾਦਗਾਰੀ ਪੁਰਸਕਾਰ



ਇਕਬਾਲ ਅਰਪਣ, ਮਨਜੀਤ ਪੁਰਸਕਾਰ ਵਿਜੇਤਾ ਸ੍ਰੀ ਦੇਵਿੰਦਰ ਸਤਿਆਰਥੀ ਤੇ ਦਰਸ਼ਨ ਗਿੱਲ

ਨਵੀਂ ਦਿੱਲੀ — ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟਰਸਟ ਕੈਨੇਡਾ ਨੇ ਸਾਲ 1986 ਲਈ ਕੌਮਾਂਤਰੀ ਸਾਹਿਤ ਸ਼ਰੋਮਣੀ ਮਨਜੀਤ ਯਾਦਗਾਰੀ ਪੁਰਸਕਾਰ ਪ੍ਰਸਿਧ ਸਾਹਿਤਕਾਰ ਦੇਵਿੰਦਰ ਸਤਿਆਰਥੀ ਨੂੰ ਦੇਣ ਦਾ ਫੈਸਲਾ ਕੀਤਾ ਹੈ। ਇਹ ਸਨਮਾਨ ਉਨ੍ਹਾਂ ਨੂੰ ਪੰਜਾਬੀ ਸਾਹਿਤ ਵਿਚ ਉਨ੍ਹਾਂ ਦੀ ਵਡਮੁੱਲੀ ਦੇਣ ਦੇ ਸਬੰਧ ਵਿਚ ਦਿਤਾ ਗਿਆ ਹੈ। ਪੰਜ ਸੌ ਕਨੇਡੀਅਨ ਡਾਲਰਾਂ ਦੇ ਬਰਾਬਰ ਭਾਰਤੀ ਰਕਮ ਦੇ ਇਸ ਪੁਰਸਕਾਰ ਨਾਲ ਉਨ੍ਹਾਂ ਨੂੰ ਦੁਸ਼ਾਲਾ ਅਤੇ ਮਾਣ-ਪੱਤਰ ਵੀ ਭੇਟ ਕੀਤਾ ਜਾਵੇਗਾ। ਇਸ ਮੌਕੇ ਉਤੇ ਟਰਸਟ ਉਨ੍ਹਾਂ ਸਬੰਧੀ ਇਕ ਪੁਸਤਕ ਵੀ ਪ੍ਰਕਾਸ਼ਤ ਕਰੇਗਾ। ਇਸ ਗੱਲ ਦਾ ਐਲਾਨ ਨਵੀਂ ਦਿੱਲੀ ਵਿਖੇ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਨੇ ਉਪਰੋਕਤ ਟਰਸਟ ਵਲੋਂ ਕੀਤਾ। ਇਹ ਗੱਲ ਵਰਨਣਯੋਗ ਹੈ ਕਿ ਦੇਵਿੰਦਰ ਸਤਿਆਰਥੀ ਇਹ ਪ੍ਰਸਿੱਧ ਕੌਮਾਂਤਰੀ ਇਨਾਮ ਪ੍ਰਾਪਤ ਕਰਨ ਵਾਲੇ ਸੱਤਵੇਂ ਸਾਹਿਤਕਾਰ ਹਨ। ਇਸ ਤੋਂ ਪਹਿਲਾਂ ਇਹ ਸਨਮਾਨ ਸਰਵ ਸ੍ਰੀ ਸੰਤ ਸਿੰਘ ਸੇਖੋਂ, ਗਿਆਨੀ ਕੇਸਰ ਸਿੰਘ, ਸੋਹਨ ਸਿੰਘ ਜੋਸ਼, ਸੰਤੋਖ ਸਿੰਘ ਧੀਰ, ਗੁਰਸ਼ਰਨ ਸਿੰਘ ਅਤੇ ਸੁਜਾਨ ਸਿੰਘ ਨੂੰ ਭੇਟ ਕੀਤਾ ਜਾ ਚੁਕਿਆ ਹੈ।

THE CANADA DARPAN
(Punjabi Weekly Newspaper)
P.O. Box 67344 Stn. 'O', Vancouver, B.C. V5W 3T1
Chief Editor: (Hon.) DARSHAN GILL
Advertising:
Circulation: SATINDER SIDHU
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿੱਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿੱਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਸੰਪਾਦਕੀ:

ਪੰਜਾਬ ਵਜ਼ਾਰਤ ਵਿਚ ਵਾਧਾ


ਜਿਸ ਸੰਦਰਭ ਵਿਚ 6 ਮਈ ਨੂੰ ਪੰਜਾਬ ਵਜ਼ਾਰਤ ਵਿਚ ਵਾਧਾ ਹੋਇਆ ਹੈ, ਉਹ ਸੰਦਰਭ ਹਰ ਪੰਜਾਬੀ ਲਈ ਸਮਝਣਾ ਬਹੁਤ ਜ਼ਰੂਰੀ ਹੈ। ਬਹੁਤੇ ਲੋਕ ਅਜੇ ਤੱਕ ਵੀ ਇਹ ਮੰਨਣ ਤੋਂ ਇਨਕਾਰੀ ਹਨ ਕਿ ਪੰਜਾਬ ਦੇ ਹਾਲਾਤ ਨੂੰ ਖਰਾਬ ਕਰਨ ਵਿਚ ਸਿਆਸੀ ਤਿਕੜਮਬਾਜ਼ੀ ਨੇ ਅਹਿਮ ਹਿਸਾ ਪਾਇਆ ਹੈ। ਫਿਰਕੂ ਜਨੂੰਨ ਨੂੰ ਪੈਦਾ ਕਰਨ ਵਾਲੇ ਵੀ ਸਿਆਸੀ ਤਿਕੜਮਬਾਜ਼ ਹਨ ਅਤੇ ਇਸ ਵਿਚ ਵਾਧੇ ਦੇ ਜ਼ਿਮੇਂਵਾਰ ਵੀ ਇਹੀ ਲੋਕ ਹਨ। ਇਹ ਗੱਲ ਹੁਣ ਕਿਸੇ ਤੋਂ ਲੁਕੀ ਛਿਪੀ ਨਹੀਂ ਕਿ ਇਕ ਕਾਂਗਰਸੀ ਸਾਬਕਾ ਮੁੱਖ ਮੰਤਰੀ ਨੇ ਅਕਾਲੀਆਂ ਨੂੰ ਗੁੱਠੇ ਲਾਉਣ ਲਈ ਇਕ ਧਾਰਮਿਕ ਸ਼ਖਸ਼ੀਅਤ ਨੂੰ ਉਭਾਰਿਆ ਅਤੇ ਅੱਗੇ ਲਿਆਂਦਾ। ਪੰਜਾਬ ਵਿਚ ਫਿਰਕੂ ਜਨੂੰਨ ਦੀ ਬੁਨਿਆਦ ਕਾਂਗਰਸ ਨੇ ਰੱਖੀ। ਅੱਗੇ ਸਾਰੀ ਇਸ ਕਿਰਿਆ ਦੀ ਪ੍ਰਤੀ ਕਿਰਿਆ ਹੀ ਹੈ। ਉਸੇ ਕਾਂਗਰਸੀ ਮਹਾਂਪੁਰਸ਼ ਦੀ ਕਿਰਪਾ ਹੀ ਹੈ ਕਿ ਦਲ ਖਾਲਸਾ ਅਤੇ ਹੋਰ ਅਜੇਹੀਆਂ ਨਾਮਨਿਹਾਦ ਜਥੇਬੰਦੀਆਂ ਜਿਥੇ ਬਦੇਸ਼ਾਂ ਵਿਚ ਪੈਰ ਜਮਾਈ ਬੈਠੀਆਂ ਹਨ, ਉਥੇ ਉਹ ਪੰਜਾਬ ਵਿਚ ਵਧ ਫੁੱਲ ਕੇ ਕੈਂਸਰ ਦੀ ਤਰ੍ਹਾਂ ਫੈਲ ਚੁਕੀਆਂ ਹਨ। ਜਿਥੇ ਇਕ ਪਾਸੇ ਦਲ ਖਾਲਸਾ ਤੇ ਹੋਰ ਅਜਿਹੀਆਂ ਜਥੇਬੰਦੀਆਂ ਹਨ ਦੂਜੇ ਪਾਸੇ ਹਿੰਦੂ ਸ਼ਿਵ ਸੈਨਾ, ਹਿੰਦੂ ਸੁਰੱਖਿਆ ਸੰਮਤੀ ਵਰਗੀਆਂ ਜਥੇਬੰਦੀਆਂ ਵੀ ਫਿਰਕੂ ਕਾਂਗਰਸੀਆਂ ਦੀਆਂ ਪੈਦਾਵਾਰ ਹਨ। ਪੰਜਾਬ ਦੇ ਮਸਲੇ ਨੂੰ ਸਮਝੌਤਾ ਕਰਕੇ ਵੀ ਲਟਕਾਈ ਰਖਣਾ ਇਸੇ ਮਾਨਸਿਕਤਾ ਦਾ ਹਿਸਾ ਹੈ।

ਹੁਣ ਇਹ ਕੈਂਸਰ ਦੀਆਂ ਜੜ੍ਹਾਂ ਅਕਾਲੀ ਦਲ ਵੱਲ ਤੁਰ ਪਈਆਂ ਹਨ। ਇਹ ਗੱਲ ਵੀ ਕਿਸੇ ਤੋਂ ਛੁਪੀ ਨਹੀਂ ਕਿ ਅਮਰਿੰਦਰ ਸਿੰਘ ਵਰਗਾ ਰਜਵਾੜਾ ਕਿਸ ਢੰਗ ਨਾਲ ਸ਼ਰੋਮਣੀ ਅਕਾਲੀ ਦਲ ਵੱਲ ਆਇਆ ਤੇ ਸ਼ਰੋਮਣੀ ਅਕਾਲੀ ਦਲ ਦੀ ਵਜ਼ਾਰਤ ਨੂੰ ਲਿਆ ਕੇ ਕਿਸ ਕਿਨਾਰੇ ਤੇ ਖੜ੍ਹਾ ਕਰ ਦਿੱਤਾ। ਅਕਾਲੀ ਪਾਰਟੀ ਦੀ ਬੇੜੀ ਡੋਬਣ ਲਈ ਅਜਿਹੇ ਲੋਕਾਂ ਨੇ ਅਕਾਲੀ ਪਾਰਟੀ ਵਿਚ ਘੁਸਪੈਂਠ ਕੀਤੀ। ਸੁਖਜਿੰਦਰ ਸਿੰਘ ਵਰਗਾ ਖਾਲਿਸਤਾਨੀ ਝੰਡਾ ਲਹਿਰਾਉਣ ਵਾਲਾ ਮੁੜ ਅਕਾਲੀ ਦਲ ਵਿਚ ਆ ਵੜਿਆ। ਸ਼ਰੋਮਣੀ ਅਕਾਲੀ ਦਲ ਅਜਿਹੇ ਲੋਕਾਂ ਤੋਂ ਕਿਸ ਚੰਗਿਆਈ ਦੀ ਆਸ ਕਰਦਾ ਸੀ? ਪ੍ਰਕਾਸ਼ ਸਿੰਘ ਬਾਦਲ ਮੁਖ ਮੰਤਰੀ ਦੇ ਪਦ ਨੂੰ ਆਪਣੀ ਜੱਦੀ ਪੁਸ਼ਤੀ ਜਾਇਦਾਦ ਸਮਝੀ ਬੈਠਾ ਹੈ ਪਿਛਲੇ ਦੋ ਸਾਲ ਤੋਂ ਉਹ ਸ਼ਰੋਮਣੀ ਅਕਾਲੀ ਦਲ ਦੀਆਂ ਪਾਲਸੀਆਂ ਨਾਲ ਨਾ ਸਹਿਮਤ ਹੁੰਦਾ ਹੋਇਆ ਵੀ ਕਾਂਗਰਸੀ ਸੈਲ ਵਜੋਂ ਕੰਮ ਕਰ ਰਿਹਾ ਹੈ। ਪਿਛਲੇ ਤਿੰਨ ਮਹੀਨੇ ਤੋਂ ਇਹ ਅਫਵਾਹਾਂ ਗਰਮ ਸਨ ਕਿ ਅਮਰਿੰਦਰ, ਰਵੀਇੰਦਰ, ਬਾਦਲ, ਸੁਖਜਿੰਦਰ ਸਿੰਘ ਆਦਿ ਅੰਦਰੋਂ ਅੰਦਰੀ ਇਹ ਖਿਚੜੀ ਪਕਾ ਰਹੇ ਹਨ ਕਿ ਪੰਜਾਬ ਦਾ ਮਸਲਾ ਤਦ ਹੀ ਸੁਲਝ ਸਕਦਾ ਹੈ ਜੇ ਮੁੱਖ ਮੰਤਰੀ ਅਕਾਲੀ ਲੇਬਲ ਦਾ ਹੋਵੇ ਤੇ 60 ਫੀ ਸਦੀ ਵਜ਼ਾਰਤ ਵੀ ਅਕਾਲੀਆਂ ਦੀ ਹੋਵੇ ਪਰ ਨਾਲ ਹੀ 40 ਫੀਸਦੀ ਮੈਂਬਰ ਵਜ਼ਾਰਤ ਵਿਚ ਕਾਂਗਰਸੀ ਹੋਣ। ਹੁਣ ਵੀ ਇਹ ਸਾਜ਼ਿਸ਼ ਰਚੀ ਜਾ ਰਹੀ ਸੀ।

ਦਰਬਾਰ ਸਾਹਿਬ ਅੰਦਰ ਬੈਠੇ ਖਾੜਕੂਆਂ ਵਿਚ ਵੀ ਇਨ੍ਹਾਂ ਲੋਕਾਂ ਦੇ ਸੈੱਲ ਮੌਜੂਦ ਸਨ। ਅਮਰਿੰਦਰ ਸਿੰਘ ਦੇ ਪਿਛਲੇ ਦੋ ਹਫਤਿਆਂ ਦੇ ਬਿਆਨ ਇਸ ਗੱਲ ਦੀ ਸ਼ਾਹਦੀ ਭਰਦੇ ਹਨ ਕਿ ਅਤਿਵਾਦੀਆਂ ਨਾਲ ਗੱਲਬਾਤ ਆਰੰਭੀ ਜਾਵੇ। ਸੁਖਜਿੰਦਰ ਸਿੰਘ ਹਰ ਥਾਂ ਮੁੱਖ ਮੰਤਰੀ ਵਿਰੁੱਧ ਜ਼ਹਿਰ ਉਗਲਦਾ ਰਿਹਾ ਹੈ।

ਨਵੀਂ ਵਜ਼ਾਰਤ ਦਾ ਵਾਧਾ ਜਿਥੇ ਕਾਂਗਰਸੀ ਚਾਲਾਂ ਨੂੰ ਫੇਲ੍ਹ ਕਰੇਗਾ ਉਥੇ ਬਾਦਲ — ਅਮਰਿੰਦਰ - ਰਵੀਇੰਦਰ — ਸੁਖਜਿੰਦਰ ਚੌਕੜੀ ਦਾ ਵੀ ਸ਼ਰੋਮਣੀ ਅਕਾਲ਼ੀ ਦਲ ਵਿਚੋਂ ਸਫਾਇਆ ਕਰੇਗਾ। ਇਹ ਜਾਗੀਰਦਾਰ ਧੜਾ ਅੰਦਰੂਨੀ ਤੌਰ ਉਤੇ ਕਾਂਗਰਸੀਆਂ ਨਾਲ ਬੱਝਾ ਹੋਇਆ ਹੈ ਪਰ ਲੇਬਲ ਅਕਾਲੀ ਦਲ ਦਾ ਲਾਈ ਫਿਰਦਾ ਹੈ।

ਸੋਵੀਅਤ ਵਿਚ ਚੇਰਨੋਬਾਇਲ ਐਟਮੀ ਰੀਐਕਟਰ ਦੀ ਦੁਰਘਟਨਾ



'ਸੂਫ਼ੀ' ਅਮਰਜੀਤ

26 ਅਪ੍ਰੈਲ ਨੂੰ ਅਚਾਨਕ ਸੋਵੀਅਤ ਯੂਨੀਅਨ ਦੀ ਯੂਕਰੇਨ ਰੀਪਬਲਿਕ ਵਿਚ ਚੇਰਨੋਬਾਇਲ ਐਟਮੀ ਰੀਐਕਟਰ ਵਿਚ ਇਕ ਧਮਾਕਾ ਹੋਣ ਕਾਰਨ ਦੁਰਘਟਨਾ ਹੋ ਗਈ, ਜਿਸ ਦੇ ਸਿੱਟੇ ਵਜੋਂ ਦੋ ਵਿਅਕਤੀ ਮਾਰੇ ਗਏ 121 ਦੀ ਹਸਪਤਾਲ ਵਿਚ ਦੇਖਭਾਲ ਕੀਤੀ ਜਾ ਰਹੀ ਹੈ ਜਿਨ੍ਹਾਂ ਵਿਚੋਂ 22 ਜਾਣਿਆਂ ਦੀ ਹਾਲਤ ਚਿੰਤਾਜਨਕ ਦੱਸੀ ਜਾਂਦੀ ਹੈ।

ਇਹ ਦੁਰਘਟਨਾ ਕਿਉਂ ਅਤੇ ਕਿਵੇਂ ਹੋਈ, ਇਸ ਬਾਰੇ ਤਾਂ ਸਾਇੰਸਦਾਨਾਂ ਜਾਂ ਹੋਰ ਐਟਮੀ ਖੇਤਰ ਦੇ ਮਾਹਿਰਾਂ ਨੂੰ ਹੀ ਵਧੇਰੇ ਪਤਾ ਹੈ, ਪ੍ਰੰਤੂ ਇਸ ਚੇਰਨੋਬਾਇਲ ਐਟਮੀ ਰੀਐਕਟਰ ਤੋਂ ਬਿਨਾਂ ਅਮਰੀਕਾ ਵਿਚ ਦੋ ਕੁ ਸਾਲ ਪਹਿਲਾਂ ਹੋਏ 'ਥਰੀ ਮਾਈਲ ਆਈਲੈਂਡ' ਵਿਚ ਵੀ ਇਸ ਤਰ੍ਹਾਂ ਦੀ ਹੀ ਦੁਰਘਟਨਾ ਹੋਈ ਸੀ, ਜਿਸ ਉਪਰ ਉਥੇ ਰਹਿਣ ਵਾਲੇ ਲੋਕਾਂ ਉਸ ਐਟਮੀ ਬਿਜਲੀ ਘਰ ਨੂੰ ਬੰਦ ਕਰਨ ਦੀ ਮੰਗ ਕੀਤੀ ਸੀ।

ਸੋਵੀਅਤ ਵਿਚ ਹੋਈ ਇਸ ਦੁਰਘਟਨਾ ਨੂੰ ਲੈ ਕੇ ਅਮਰੀਕਾ, ਕੈਨੇਡਾ ਅਤੇ ਹੋਰ ਪੱਛਮੀ ਦੇਸ਼ਾਂ ਨੇ ਆਸਮਾਨ ਸਿਰ ਉਪਰ ਚੁਕਿਆ ਹੋਇਆ ਹੈ ਕਿ ਸੋਵੀਅਤ ਵਾਲੇ ਉਸ ਵਾਰੇ ਵਧੇਰੇ ਜਾਣਕਾਰੀ ਨਹੀਂ ਦੇ ਰਹੇ। ਅਸੀਂ ਦੇਖਿਆ ਹੈ ਅਮਰੀਕਨ-ਕੈਨੇਡੀਅਨ ਟੀ. ਵੀ. ਅਤੇ ਬੀ. ਬੀ. ਸੀ. ਇੰਗਲੈਂਡ ਉਪਰ ਇਸ ਵਿਸ਼ੇ ਉਪਰ ਕਿੰਨਾ ਸਮਾਂ ਦਿਤਾ ਜਾਂਦਾ ਰਿਹਾ ਹੈ।

ਜਿਥੋਂ ਤੱਕ ਵਧੇਰੇ ਜਾਣਕਾਰੀ ਦਾ ਸਵਾਲ ਹੈ, ਉਹ ਤਾਂ ਤਦ ਹੀ ਦਿਤੀ ਜਾ ਸਕਦੀ ਜਦੋਂ ਉਥੇ ਪੂਰੀ ਪੜਤਾਲ ਕਰ ਲਈ ਜਾਣੀ ਸੀ, ਜਿਵੇਂ ਕਿ 5 ਅਤੇ 6 ਮਈ ਅਖਬਾਰਾਂ ਵਿਚ ਇਸ ਬਾਰੇ ਸੋਵੀਅਤ ਅਧਿਕਾਰੀਆਂ ਵਿਸਤਾਰ ਪੂਰਬਕ ਦੱਸਿਆ ਹੈ।

ਪ੍ਰੰਤੂ ਅਮਰੀਕਨਾਂ ਤੇ ਉਸ ਦੀ ਜੁੰਡੀ ਨੇ ਜੋ ਚੀਕ ਚਿਹਾੜਾ ਪਾਇਆ ਸੀ ਉਸ ਦਾ ਕਾਰਨ ਸਪਸ਼ਟ ਦੇਖਿਆ ਜਾ ਸਕਦਾ ਹੈ। ਇਸ ਦੇ ਦੋ ਵੱਡੇ ਕਾਰਨ ਹਨ: ਪਹਿਲਾ ਇਹ ਕਿ ਲਿਬੀਆ ਉਪਰ ਅਮਰੀਕਾ ਵਲੋਂ ਕੀਤੇ ਨਿਰਦਈ ਹਮਲੇ ਕਾਰਨ ਉਸ ਦੀ ਸਾਰੀ ਦੁਨੀਆਂ ਦੇ ਦੇਸ਼ਾਂ ਵਲੋਂ ਭੰਡੀ ਕੀਤੀ ਗਈ, ਸਿਰਫ ਢਾਈ ਟੋਟਰੂ ਉਸ ਦੇ ਮਗਰ ਖਲੋ ਸਕੇ, ਉਹ ਸਨ ਇੰਗਲੈਂਡ, ਅਸਰਾਈਲ, ਅਤੇ ਉਨ੍ਹਾਂ ਪਿਛਵਾੜੇ ਗੋਡਿਆਂ ਭਾਰ ਖਲੋਤਾ ਕੈਨੇਡਾ। ਇਹ ਵੀ ਇਨ੍ਹਾਂ ਢਾਈ ਟੋਟਰੂ ਸਰਕਾਰਾਂ ਹੀ ਨੇ ਸਾਥ ਦਿਤਾ। ਇਨ੍ਹਾਂ ਦੇਸ਼ਾਂ ਦੇ ਆਮ ਲੋਕਾਂ ਨੇ ਅਮਰੀਕਾ ਦੀ ਡਟ ਕੇ ਵਿਰੋਧਤਾ ਕੀਤਾ। ਇਸ ਲਈ ਅਮਰੀਕਾ ਤੇ ਉਸ ਦੇ ਪਿਛਲੱਗ ਰਾਜਨੀਤਕ ਤੌਰ ਉਤੇ ਸਾਰੇ ਸੰਸਾਰ ਨਾਲੋਂ ਬੁਰੀ ਤਰ੍ਹਾਂ ਨਿਖੜ ਗਏ ਸਨ। ਦੂਜਾ ਕਾਰਨ ਸੀ ਸੋਵੀਅਤ ਯੂਨੀਅਨ ਵਲੋਂ ਐਟਮੀ ਹਥਿਆਰਾਂ ਨੂੰ ਪੜਾ-ਵਾਰ 2000 ਈਸਵੀ ਤੱਕ ਮੁਕੰਮਲ ਤੌਰ ਉਤੇ ਖਤਮ ਕਰ ਦੇਣਾ ਅਤੇ ਐਟਮੀ ਹਥਿਆਰਾਂ ਅਤੇ ਸਟਾਰ-ਵਾਰ ਦੇ ਖਿਲਾਫ ਸੰਸਾਰ ਭਰ ਵਿਚ ਉਠੀ ਵਿਸ਼ਾਲ ਲੋਕ ਲਹਿਰ।

ਇਨ੍ਹਾਂ ਉਪਰੋਕਤ ਦੋਵਾਂ ਮੁੱਖ ਵਿਸ਼ਿਆਂ ਤੋਂ ਸੰਸਾਰ ਦੇ ਲੋਕਾਂ ਦਾ ਧਿਆਨ ਲਾਂਭੇ ਕਰਨ ਲਈ ਸਬੱਬੋਂ ਹੀ ਸੋਵੀਅਤ ਵਿਚ ਹੋਈ ਐਟਮੀ-ਪਲਾਂਟ ਦੀ ਦੁਰਘਟਨਾ, ਇਨ੍ਹਾਂ ਲਈ 'ਬਿਲੀ ਭਾਣੇ ਛਿਕੂ ਟੁਟਣ ਵਾਲੀ' ਗੱਲ ਬਣ ਗਈ। ਅਮਰੀਕਨ ਸਰਕਾਰ ਅਤੇ ਕਾਰਪੋਰੇਸ਼ਨਾਂ ਦੇ ਕੰਟਰੋਲ ਦੇ ਸਾਰੇ ਮੀਡੀਏ ਨੇ ਆਪਣੀ ਸਾਰੀ ਸ਼ਕਤੀ ਇਸ ਪਾਸੇ ਜੁਟਾ ਦਿਤੀ ਕਿ ਸੋਵੀਅਤ ਨੂੰ ਬਦਨਾਮ ਕੀਤਾ ਜਾਵੇ।

ਪਰ ਇਸ ਦੁਰਘਟਨਾ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਐਟਮੀ ਸ਼ਕਤੀ ਨੂੰ ਅਮਨ ਮਨੋਰਥਾਂ ਲਈ ਵਰਤਨ ਵਾਸਤੇ ਵੀ ਸੌ ਵਾਰ ਸੋਚਣ ਦੀ ਲੋੜ ਹੈ। ਅਤੇ ਐਟਮੀ ਹਥਿਆਰਾਂ ਉਪਰ ਜਿੰਨੀ ਛੇਤੀ ਰੋਕ ਲੱਗ ਜਾਵੇ ਅਤੇ ਪੜਾ ਵਾਰ ਇਨ੍ਹਾਂ ਹਥਿਆਰਾਂ ਨੂੰ ਖਤਮ ਕੀਤਾ ਜਾਵੇ ਉਨਾ ਹੀ ਚੰਗਾ ਹੈ।

ਸੰਸਾਰ ਦੇ ਲੋਕਾਂ ਦੀ ਅਮਨ ਬਾਰੇ ਇਛਾ ਨੂੰ ਰੱਦ ਕਰਦਿਆਂ ਅਤੇ ਸੋਵੀਅਤ ਯੂਨੀਅਨ ਵਲੋਂ ਇਕਤਰਫਾ ਤੌਰ ਉਪਰ ਐਟਮੀ ਤਜਰਬੇ ਬੰਦ ਕਰਨ ਦੇ ਬਾਵਜੂਦ ਅਮਰੀਕਾ ਨੇ ਮਾਰਚ ਦੇ ਮਹੀਨੇ ਐਟਮੀ ਤਜਰਬੇ ਕੀਤੇ। 27 ਅਪਰੈਲ ਨੂੰ ਜਿਸ ਦਿਨ ਵੈਨਕੂਵਰ ਵਿਚ ਵਿਸ਼ਾਲ ਅਮਨ ਮਾਰਚ ਹੋਇਆ ਫਰਾਂਸ ਨੇ ਐਟਮੀ ਤਜਰਬਾ ਕੀਤਾ। ਅਮਰੀਕਾ ਦੇ ਸਮੁੰਦਰੀ ਐਟਮੀ ਬੇੜੇ ਨੇ ਕਨੇਡੀਅਨ ਲੋਕਾਂ ਦੀ ਅਮਨ ਪ੍ਰਤੀ ਭਾਵਨਾ ਦਾ ਅਪਮਾਨ ਕਰਨ ਲਈ ਜਾਣ ਬੁਝ ਕੇ ਵੈਨਕੂਵਰ ਦੀ ਬੰਦਰਗਾਹ ਵਿਚ ਆਣ ਲੰਗਰ ਸੁਟ ਦਿਤੇ।

ਇਸ ਤਰ੍ਹਾਂ ਸੋਵੀਅਤ ਵਿਚ ਹੋਈ ਦੁਰਘਟਨਾ ਨੂੰ ਸਾਮਰਾਜੀਆਂ, ਹੋਰਨਾਂ ਕੀਤੇ ਜ਼ੁਰਮਾਂ ਤੋਂ ਮੂੰਹ ਲੁਕਾਉਣ ਲਈ ਪੜਦੇ ਵਜੋਂ ਵਰਤਣ ਦਾ ਯਤਨ ਕੀਤਾ ਹੈ। ਸਾਨੂੰ ਅਮਨ ਪ੍ਰਤੀ ਹੋਰ ਚੇਤੰਨ ਹੋਣ ਦੀ ਲੋੜ ਹੈ। ਰੇਗਨ ਦੇ ਸਟਾਰਵਾਰ ਪਰੋਗਰਾਮ ਦੇ ਵਿਰੁੱਧ ਆਵਾਜ਼ ਉਠਾਉਣ ਦੀ ਲੋੜ ਹੈ। ਅਮਰੀਕਾ ਵਲੋਂ ਸਰਕਾਰੀ ਦਹਿਸ਼ਤਵਰਦੀ ਦੀ ਜੰਗਲੀ ਨੀਤੀ ਦਾ ਡਟ ਕੇ ਵਿਰੋਧ ਕਰਨਾ ਚਾਹੀਦਾ ਹੈ। ਇਸ ਢੰਗ ਨਾਲ ਸਾਨੂੰ ਸੋਵੀਅਤ ਵਿਚ ਹੋਈ ਦੁਰਘਟਨਾ ਨੂੰ ਦੇਖਣ ਦੀ ਲੋੜ ਹੈ।

ਪੰਜਾਬੀ ਲੇਖਕ ਮੰਚ ਵਲੋਂ ਕਵੀ ਦਰਬਾਰ — 18 ਮਈ, 1986 ਨੂੰ ਸ਼ਾਮ ਦੇ ਚਾਰ ਵਜੇ

ਜਿਸ ਵਿਚ ਇੰਗਲੈਂਡ ਦੇ ਕਵੀ ਅਵਤਾਰ ਸਿੰਘ ਸਾਦਿਕ, ਭਾਰਤ ਤੋਂ ਆਏ ਪ੍ਰਸਿੱਧ ਕਵੀ ਹਰਕੇਵਲ ਸਿੰਘ ਕੇਵਲ, ਅਮਰੀਕਾ ਦੇ ਕਵੀ, ਐਡਮਿੰਟਨ ਅਤੇ ਸਥਾਨਕ ਕਵੀ ਭਾਗ ਲੈਣਗੇ।

ਪੰਜਾਬੀ ਬੋਲੀ ਨਾਲ ਪਿਆਰ ਰੱਖਣ ਵਾਲੇ ਹਰ ਸੱਜਣ ਨੂੰ ਪੁਜਣ ਦਾ ਸੱਦਾ ਹੈ। ਸਮਾਗਮ ਸਮੇਂ ਪੁਸਤਕਾਂ ਦੀ ਪ੍ਰਦਰਸ਼ਨੀ ਪੰਜਾਬੀ ਲੇਖਕਾਂ ਦੀਆਂ ਤਸਵੀਰਾਂ ਤੇ ਵਜ਼ਟਿੰਗ ਆਰਟਿਸਟ ਹਰਜੀਤ ਦੇ ਚਿਤਰਾਂ ਦੀ ਪ੍ਰਦਰਸ਼ਨੀ ਹੋਵੇਗੀ। ਇਹ ਕਵੀ ਦਰਬਾਰ ਹੇਠ ਲਿਖੇ ਸਥਾਨ ਤੇ ਹੋਵੇਗਾ

East Richmond Community Centre
12360 - Cambie Rd. (Near No. 5 Rd)
Richmond

ਹੋਰ ਜਾਣਕਾਰੀ ਲਈ:

ਸੁਰਜੀਤ ਕਲਸੀ — 276-2735
ਗੁਰਚਰਨ ਟੱਲੇਵਾਲੀਆ — 298-3982 -
ਮਹਿੰਦਰ ਸੂਮਲ — 327-6461

ਸ੍ਰੀ ਲੰਕਾ ਦੇ ਸੈਂਟਰਲ ਟੈਲੀਗਰਾਫ ਦਫਤਰ ਵਿਚ ਬੰਬ ਧਮਾਕਾ

ਕੋਲੰਬੋ — 6 ਮਈ ਨੂੰ ਸ੍ਰੀ ਲੰਕਾ ਦੀ ਰਾਜਧਾਨੀ ਕੋਲੰਬੋ ਵਿਚ ਇਕ ਜ਼ਬਰਦਸਤ ਬੰਬ ਧਮਾਕਾ ਹੋਇਆ। ਇਹ ਧਮਾਕਾ ਡਾਊਨ ਟਾਊਨ ਦੇ ਇਲਾਕੇ ਵਿਚ ਸੈਂਟਰਲ ਟੈਲੀਗਰਾਫ ਦੀ ਇਮਾਰਤ ਵਿਚ ਹੋਇਆ। ਦਸਿਆ ਜਾਂਦਾ ਹੈ ਕਿ ਦਸ ਵਿਅਕਤੀ ਮਾਰੇ ਗਏ ਅਤੇ 62 ਦੇ ਕਰੀਬ ਵਿਅਕਤੀਆਂ ਨੂੰ ਹਸਪਤਾਲ ਦਾਖਲ ਕਰਾਇਆ ਗਿਆ। ਸਰਕਾਰੀ ਅਧਿਕਾਰੀਆਂ ਅਨੁਸਾਰ ਇਹ ਤਾਮਿਲ ਗੁਰਿਲਿਆਂ ਦੀ ਕਾਰਵਾਈ ਹੈ, ਪਰ ਇਕ ਖਬਰ ਅਨੁਸਾਰ ਇਹ ਇਕ ਸਿੰਹਲੀ ਲੋਕਾਂ ਦੀ ਗੈਰ ਕਾਨੂੰਨੀ ਜਥੇਬੰਦੀ ਦੀ ਕਾਰਵਾਈ ਹੈ ਤੇ ਇਸੇ ਜਥੇਬੰਦੀ ਦੇ ਇਕ ਵਿਅਕਤੀ ਨੇ ਫੋਨ ਤੇ ਇਸ ਗਲ ਦੀ ਪੁਸ਼ਟੀ ਵੀ ਕੀਤੀ ਹੈ।

ਤੂੰ ਚੰਡੀਗੜ੍ਹ ਦਾ ਮਸਲਾ ਚੁੱਕ, ਜਾਂ ਹਿੰਦੀ ਭਾਸ਼ੀ ਪਿੰਡਾਂ ਦਾ
ਪਏ ਵੰਡਣ, ਜੇ ਲੋਕੀਂ ਦਾਲ ਵੰਡਣ, ਨਾਲ ਛਿੱਤਰਾਂ ਦੇ

ਚਲਾ ਲਾਠੀ ਤੇ ਗੋਲੀ, ਜੇ ਕੋਈ ਇਨਸਾਫ ਮੰਗਦਾ ਹੈ
ਜੇ ਫਿਰ ਵੀ ਸ਼ੋਰ ਪੈਂਦੈ? ਖੋਲ੍ਹ ਦੇ ਬੂਹੇ ਤੂੰ ਜੇਲ੍ਹਾਂ ਦੇ

ਕੇਸਰੀ ਪੱਗਾਂ ਵਾਲੇ ਸਿੱਖਾਂ ਨੂੰ ਤੰਗ ਪ੍ਰੇਸ਼ਾਨ ਕਰਨ ਦਾ ਦੋਸ਼

ਮੋਰਿੰਡਾ — ਅਕਾਲੀ ਦਲ ਦੇ ਵਿਧਾਇਕ ਸ. ਬਚਿੱਤਰ ਸਿੰਘ ਐਡਵੋਕੇਟ ਅਤੇ ਯੂਥ ਵਿੰਗ ਅਕਾਲੀ ਦਲ ਦੇ ਜਨਰਲ ਸਕੱਤਰ ਸ. ਸ਼ੇਰ ਸਿੰਘ ਡੂਮਛੇੜੀ ਦੇ ਦੋਸ਼ ਲਾਇਆ ਹੈ ਕਿ ਪੰਜਾਬ ਵਿਚ ਸੀ. ਆਰ. ਪੀ. ਦਾ ਅਮਲਾ ਉਨ੍ਹਾਂ ਸਿਖ ਯੁਵਕਾਂ ਨੂੰ ਵਿਸ਼ੇਸ਼ ਕਰਕੇ ਪੁੱਛ-ਗਿਛ ਦਾ ਨਿਸਾਨਾ ਬਣਾਉਂਦਾ ਹੈ ਜਿਨ੍ਹਾਂ ਨੇ ਕੇਸਰੀ ਦਸਤਾਰਾਂ ਪਾਈਆਂ ਹੁੰਦੀਆਂ ਹਨ ਜਾਂ ਉਤੋਂ ਕਿਰਪਾਨ ਪਾਈ ਹੁੰਦੀ ਹੈ। ਇਨ੍ਹਾਂ ਆਗੂਆਂ ਨੇ ਦੋਸ਼ ਲਾਇਆ ਹੈ ਕਿ ਸੀ. ਆਰ. ਪੀ. ਵਾਲੇ ਇਨ੍ਹਾਂ ਯੁਵਕਾਂ ਨੂੰ ਬੇਲੋੜਾ ਤੰਗ ਪਰੇਸ਼ਾਨ ਕਰਦੇ ਹਨ, ਉਨ੍ਹਾਂ ਦੀ ਦੇਰ ਤੱਕ ਪੁੱਛ-ਗਿਛ ਕਰਦੇ ਹਨ ਅਤੇ ਉਨ੍ਹਾਂ ਦੀ ਤਲਾਸ਼ੀ ਲੈ ਕੇ ਹੀ ਉਨ੍ਹਾਂ ਨੂੰ ਛੱਡਿਆ ਜਾਂਦਾ ਹੈ।

ਬਿਆਨ ਵਿਚ ਕਿਹਾ ਗਿਆ ਹੈ ਕਿ ਜਦੋਂ ਕੋਈ ਸਿੱਖ ਯੁਵਕ ਕੇਸਰੀ ਪੱਗ ਬੰਨ੍ਹੀ ਮੋਹਾਲੀ ਤੋਂ ਚੰਡੀਗੜ੍ਹ ਵਿਚ ਦਾਖਲ ਹੁੰਦਾ ਹੈ ਤਾਂ ਸੀ. ਆਰ. ਪੀ. ਵਾਲੇ ਇਨ੍ਹਾਂ ਨੌਜਵਾਨਾਂ ਨੂੰ ਰੋਕ ਕੇ ਕਈ ਤਰ੍ਹਾਂ ਦੇ ਸਵਾਲ ਪੁੱਛਦੇ ਹਨ ਜਿਵੇਂ ਕਿ ਤੁਸੀਂ ਚੰਡੀਗੜ੍ਹ ਕਿਸ ਲਈ ਜਾ ਰਹੇ ਹੋ? ਕਿਸ ਦੇ ਘਰ ਜਾ ਰਹੇ ਹੋ? ਕਿਥੋਂ ਆਏ ਹੋ? ਕਦੋਂ ਆਪਣੇ ਘਰ ਤੋਂ ਤੁਰੇ ਸੀ ਅਤੇ ਕਿਸ ਕਿਸ ਨੂੰ ਮਿਲਣਾ ਹੈ?

ਸ. ਬਚਿੱਤਰ ਸਿੰਘ ਨੇ ਮੁੱਖ ਮੰਤਰੀ ਨੂੰ ਲਿਖੇ ਇਕ ਪੱਤਰ ਵਿਚ ਇਹ ਵੀ ਕਿਹਾ ਹੈ ਕਿ ਕੇਸਰੀ ਪੱਗਾਂ ਵਾਲੇ ਕਈ ਸਿੱਖ ਯੁਵਕਾਂ ਨੂੰ ਸਿਰਫ ਉਦੋਂ ਹੀ ਚੰਡੀਗੜ੍ਹ ਵਿਚ ਦਾਖਲ ਹੋਣ ਦੀ ਆਗਿਆ ਮਿਲਦੀ ਹੈ ਜਦੋਂ ਸੀ. ਆਰ. ਪੀ. ਦੇ ਅਧਿਕਾਰੀ ਸਬੰਧਿਤ ਅਧਿਕਾਰੀਆਂ ਤੋਂ ਵਾਇਰਲੈਸ ਉਤੇ ਪੁੱਛ ਕਰਦੇ ਹਨ। ਉਕਤ ਅਕਾਲੀ ਨੇਤਾਵਾਂ ਨੇ ਮੁਖ ਮੰਤਰੀ ਨੂੰ ਕਿਹਾ ਹੈ ਕਿ ਉਹ ਸੀ. ਆਰ. ਪੀ. ਦੇ ਅਧਿਕਾਰੀਆਂ ਨੂੰ ਹਦਾਇਤਾਂ ਕਰਨ ਕਿ ਉਹ ਸਿਖ ਯੁਵਕਾਂ ਨੂੰ ਬੇਲੋੜਾ ਪਰੇਸ਼ਾਨ ਨਾ ਕਰਨ।

ਅੱਬੂ ਅੱਬਾਸ ਦਾ ਅਗਲਾ ਨਿਸ਼ਾਨਾ ਰੀਗਨ

ਫਿਲਸਤੀਨ ਮੁਕਤੀ ਮੋਰਚੇ ਦੇ ਇਕ ਗਰੁਪ ਦੇ ਲੀਡਰ ਅੱਬੂ ਅੱਬਾਸ ਨੇ ਪਿਛਲੇ ਦਿਨੀਂ ਐਨ. ਬੀ. ਸੀ. ਟੈਲੀਵੀਜ਼ਨ ਨੂੰ ਦਿਤੀ ਭੇਟ ਵਾਰ[illegible] ਵਿਚ ਕਿਹਾ ਕਿ ਉਸਦਾ ਮੁਖ ਦੁਸਮਣ ਹੁਣ ਪ੍ਰਧਾਨ ਰੀਗਨ ਹੋਵੇਗਾ। ਉਸ[illegible]ਰ ਕਿਉਂਕਿ ਰੀਗਨ ਨੇ ਇਜ਼ਰਾਈਲ ਰਾਹੀਂ ਫਲਸਤੀਨੀਆਂ ਨਾਲ ਜੰ[illegible] ਦਿਤੀ ਹੈ ਇਸ ਕਾਰਨ "ਹੁਣ ਅਸੀਂ ਅਮਰੀਕਾ ਅੰਦਰ ਜਾ ਕੇ ਵੀ ਅਮਰੀਕੀ ਸਰਕਾਰ ਉਤੇ ਹਮਲੇ ਕਰਾਂਗੇ।" ਅੱਬੂ ਜਿਸਨੇ ਕਿ "ਅਕੀਨੋ ਨੀਕੋ" ਦੀ ਕਿਸ਼ਤੀ ਨੂੰ ਪਿਛਲੀ ਅਕਤੂਬਰ ਵਿਚ ਅਗਵਾ ਕਰਵਾਇਆ ਸੀ ਕਈ ਮੁਲਕਾਂ ਦੀਆਂ ਸਰਕਾਰਾਂ ਇਸਨੂੰ ਫੜਨਾ ਚਾਹੁੰਦੀਆਂ ਹਨ।

ਕਾਤਲਾਂ ਦੀ ਸ਼ਨਾਖਤ

ਅੰਮ੍ਰਿਤਸਰ — ਡੀ. ਆਈ. ਜੀ. ਅੰਮ੍ਰਿਤਸਰ ਪੀ.ਸੀ. ਡੋਗਰਾ ਨੇ ਇਥੇ ਦਾਅਵਾ ਕੀਤਾ ਹੈ ਕਿ ਬਿਆਸ ਦੇ ਕਾਂਗਰਸੀ ਵਿਧਾਇਕ ਸੰਤ ਸਿੰਘ ਲਿੱਦੜ ਦੇ ਕਾਤਲਾਂ ਦੀ ਪਹਿਚਾਣ ਕਰ ਲਈ ਗਈ ਹੈ ਅਤੇ ਉਨ੍ਹਾਂ ਨੂੰ ਫੜਨ ਲਈ ਛਾਪੇ ਮਾਰੇ ਜਾ ਰਹੇ ਹਨ। ਉਨ੍ਹਾਂ ਕਾਤਲਾਂ ਦੇ ਨਾਂ ਦੱਸਣ ਤੋਂ ਇਨਕਾਰ ਕਰ ਦਿਤਾ। ਕਾਹਲੀ ਨਾਲ ਸੱਦੀ ਗਈ ਪ੍ਰੈਸ ਕਾਨਫਰੰਸ ਵਿਚ ਉਨ੍ਹਾਂ ਦੱਸਿਆ ਕਿ ਡਾਇਰੈਕਟਰ ਜਨਰਲ ਜੇ. ਐਫ. ਰਿਬੇਰੋ ਨਾਲ ਨਿਯੁਕਤ ਕਾਂਸਟੇਬਲ ਸਰਬਜੀਤ ਸਿੰਘ ਦੀ ਮੌਤ ਅਚਨਚੇਤ ਗੋਲੀ ਚਲਣ ਨਾਲ ਹੋਈ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਸੁਰਿੰਦਰ ਕੁਮਾਰ ਬਿਲਾ ਦੇ ਗੰਨਮੈਨ ਦੀਪਕ ਕੁਮਾਰ ਦੀ ਵਿਧਵਾ ਨੂੰ ਸਰਕਾਰੀ ਨੌਕਰੀ ਦਿਤੀ ਜਾਵੇਗੀ। ਦੀਪਕ ਕੁਮਾਰ ਦੀ ਤਨਖਾਹ ਉਸ ਦੀ ਰਿਟਾਇਰਮੈਂਟ ਦੀ ਉਮਰ ਤਕ ਮਿਲਦੀ ਰਹੇਗੀ ਅਤੇ ਇਕ ਲੱਖ ਰੁਪਏ ਨਕਦ ਦਿਤੇ ਜਾਣਗੇ।

ਜੰਮੂ 'ਚ ਠੇਕੇਦਾਰ ਕਤਲ

ਜੰਮੂ — ਸ਼ੱਕੀ ਦਹਿਸ਼ਤਪਸੰਦਾਂ ਨੇ ਦਿਨ ਦਿਹਾੜੇ ਇਥੋਂ ਦੇ ਭੀੜ ਭਰੇ ਗੋਲ ਮਾਰਕੀਟ ਖੇਤਰ ਵਿਚ ਇਕ ਠੇਕੇਦਾਰ ਵਿਨੇ ਕੁਮਾਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿਤੀ ਅਤੇ ਉਸ ਦਾ ਬਰੀਫਕੇਸ ਲੈ ਕੇ ਫਰਾਰ ਹੋ ਗਏ। ਬਰੀਫਕੇਸ ਵਿਚ ਛੇ ਹਜ਼ਾਰ ਰੁਪਏ ਸਨ। ਚਸ਼ਮਦੀਦ ਗਵਾਹਾਂ ਅਨੁਸਾਰ ਵਾਕਿਆ ਬਾਅਦ ਦੁਪਹਿਰ ਸਵਾ ਇਕ ਵਜੇ ਹੋਇਆ। ਮ੍ਰਿਤਕ ਉਸ ਸਮੇਂ ਬੈਂਕ ਆਫ ਬੜੌਦਾ ਦੀ ਗੋਲ ਮਾਰਕੀਟ ਸ਼ਾਖਾ ਵਿਚੋਂ ਪੈਸੇ ਕਢਵਾ ਕੇ ਬਾਹਰ ਹੀ ਆਇਆ ਸੀ।

ਜਿਵੇਂ ਹੀ ਵਿਨੇ ਕਾਮਰ ਬਾਹਰ ਆਇਆ ਹਮਲਾਵਾਰ ਉਸ ਉਤੇ ਝਪਟ ਪਏ। ਉਨ੍ਹਾਂ ਵਿਚੋਂ ਇਕ ਨੇ ਗੋਲੀ ਚਲਾ ਕੇ ਵਿਨੇ ਕੁਮਾਰ ਨੂੰ ਥਾਂ ਉਤੇ ਹੀ ਢੇਰੀ ਕਰ ਦਿਤਾ। ਬਾਕੀ ਦੋਹਾਂ ਨੇ ਵੀ ਪਿੱਛਾ ਕਾਰਨ ਵਾਲੇ ਲੋਕਾਂ ਨੂੰ ਵੀ ਡਰਾਉਣ ਲਈ ਹਵਾ ਵਿਚ ਕਈ ਗੋਲੀਆਂ ਚਲਾਈਆਂ।

ਕਰਮਾਲ ਨੇ ਅਹੁਦਾ ਛੱਡਿਆ

ਅਫਗਾਨਿਸਤਾਨ ਦੇ ਆਗੂ ਬਾਬਰਕ ਕਰਮਾਲ ਨੇ ਅਫਗਾਨ ਕਮਿਊਨਿਸਟ ਪਾਰਟੀ ਦੀ ਸਕੱਤਰੀ ਤੋਂ ਤਿਆਗ ਦੇ ਦਿਤਾ ਹੈ। ਦੱਸਿਆ ਜਾਂਦਾ ਹੈ ਕਿ ਉਹ ਪਿਛਲੇ ਇਕ ਮਹੀਨੇ ਤੋਂ ਤੰਦਰੁਸਤ ਨਹੀਂ ਸਨ। ਉਹਨਾਂ ਦੀ ਜਗ੍ਹਾ ਇਕ ਨੌਜਵਾਨ ਮੁਹੰਮਦ ਨਜੀਬ ਨੇ ਲੈ ਲਈ ਨਜੀਬ 39 ਸਾਲਾਂ ਦੀ ਉਮਰ ਦੇ ਹਨ। ਕਰਮਾਲ ਜੋ 57 ਸਾਲਾਂ ਦੇ ਹਨ ਨੇ 1979 ਵਿਚ ਰਾਜਸਤਾ ਸੰਭਾਲੀ ਸੀ ਉਹਨਾਂ ਉਸ ਸਮੇਂ ਅਮੀਨ ਜੋ ਕਿ ਅਮਰੀਕੀ ਏਜੰਟ ਸੀ ਦਾ ਤਖਤਾ ਉਲਟਾਇਆ ਸੀ। ਕਰਮਾਲ ਪ੍ਰਧਾਨਗੀ ਪਦ ਤੇ ਬਣੇ ਰਹਿਣਗੇ ਅਤੇ ਪਾਰਟੀ ਪੋਲਿਟ ਬਿਊਰੋ ਦੇ ਮੈਂਬਰ ਵੀ ਰਹਿਣਗੇ। ਨਵੇਂ ਬਣੇ ਸਕੱਤਰ ਸ੍ਰੀ ਨਜੀਬ ਨੇ ਇਕ ਪ੍ਰੈਸ ਭੇਟ ਵਿਚ ਕਿਹਾ ਕਿ ਅਮਰੀਕੀ ਪੱਖੀ ਮੂਲਵਾਦੀ ਅਤੇ ਪੁਰਾਣੇ ਜਗੀਰੂ ਨਿਜਾਮ ਦੇ ਹਾਮੀ ਗੁਰੀਲਿਆਂ ਨੂੰ ਉਹ ਛੇਤੀ ਸ਼ਿਕਸਤ ਦੇਣਗੇ ਅਤੇ ਅਫਗਾਨ ਦੇ ਆਮ ਲੋਕਾਂ ਦੀ ਖੁਸ਼ਹਾਲੀ ਲਈ ਮਜ਼ਦੂਰ ਜਮਾਤ ਦੀ ਅਗਵਾਈ ਵਿਚ ਕੰਮ ਕਰਨਗੇ।

'ਇਰਾਦੀ ਟ੍ਰਿਬਿਊਨਲ' ਦੀ ਟੀਮ ਪੰਜਾਬ ਵਿਚ

ਜ. ਸ. ਸਿੱਧੂ

ਚੰਡੀਗੜ੍ਹ — "ਇਰਾਦੀ ਟ੍ਰਿਬਿਊਨਲ' ਦੀ ਟੀਮ 3 ਮਈ ਤੋਂ ਤਿੰਨ ਦਿਨ ਲਈ ਪੰਜਾਬ ਦੇ ਦੌਰੇ ਉਤੇ ਹੈ। ਇਸ ਤੋਂ ਪਹਿਲਾਂ ਟ੍ਰਿਬਿਊਨਲ ਹਰਿਆਣਾ ਦਾ ਦੌਰਾ ਕਰ ਚੁੱਕਾ ਹੈ ਅਤੇ ਰਾਜਸਥਾਨ ਦੀ ਸਥਿਤੀ ਦਾ ਜਾਇਜ਼ਾ ਹਾਲੇ ਲਿਆ ਜਾ ਰਿਹਾ ਹੈ। ਭਰੋਸੇਯੋਗ ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ "ਇਰਾਦੀ ਟ੍ਰਿਬਿਊਨਲ" ਨੇ ਪੰਜ ਮਈ ਤਕ ਪੰਜਾਬ, ਹਰਿਆਣਾ ਅਤੇ ਰਾਜਸਥਾਨ ਨੂੰ ਆਪਣੇ ਦਾਅਵੇ ਦਾਇਰ ਕਰਨ ਲਈ ਕਿਹਾ ਹੈ। ਪਹਿਲਾਂ 28 ਅਪਰੈਲ ਤੱਕ ਹਰਿਆਣਾ ਨੇ ਆਪਣਾ ਦਾਅਵਾ ਦਾਇਰ ਕਰਨਾ ਸੀ।


ਸਮਝਿਆ ਜਾਂਦਾ ਹੈ ਕਿ ਹਰਿਆਣਾ ਦੇ ਉਲਟ ਪੰਜਾਬ ਦਾ ਕੋਈ ਵੀ ਮੰਤਰੀ "ਇਰਾਦੀ ਟ੍ਰਿਬਿਊਨਲ" ਦੇ ਨਾਲ ਦੌਰਾ ਨਹੀਂ ਕਰੇਗਾ। ਟੀਮ ਦੇ ਨਾਲ ਜਾਣਕਾਰੀ ਦੇਣ ਲਈ ਰਾਜ ਦੇ ਸੀਨੀਅਰ ਅਧਿਕਾਰੀ ਹੀ ਜਾਣਗੇ। ਟੀਮ ਮੁੱਖ ਰੂਪ ਵਿਚ ਰਾਜ ਦੇ ਹੈਡਵਰਕਸ ਅਤੇ ਪਾਣੀ ਦੇ ਪ੍ਰਬੰਧਾਂ ਦਾ ਜਾਇਜ਼ਾ ਲਏਗੀ। ਹਰਿਆਣਾ ਵਿਚ "ਟ੍ਰਿਬਿਊਨਲ" ਦੀ ਟੀਮ ਨੇ ਰਾਜ ਨੂੰ ਪਾਣੀ ਦੀ ਲੋੜ ਅਤੇ ਫਸਲੀ ਪ੍ਰਣਾਲੀ ਦਾ ਜਾਇਜ਼ਾ ਵੀ ਲਿਆ ਸੀ। ਰਾਜ ਦੇ ਬਿਜਲੀ ਅਤੇ ਸਿੰਜਾਈ ਮੰਤਰੀ ਸ਼ਮਸ਼ੇਰ ਸਿੰਘ ਸੁਰਜੇਵਾਲਾ ਪੂਰਾ ਸਮਾਂ ਟੀਮ ਦੇ ਨਾਲ ਰਹੇ ਸਨ।

ਸਮਝਿਆ ਜਾਂਦਾ ਹੈ ਕਿ ਪੰਜਾਬ ਟ੍ਰਿਬਿਊਨਲ ਅਗੇ ਇਹ ਪੱਖ ਪੇਸ਼ ਕਰ ਰਿਹਾ ਹੈ ਕਿ ਰਾਜ ਕੋਲ ਪਹਿਲਾਂ ਹੀ ਲੋੜ ਨਾਲੋਂ ਪਾਣੀ ਬੜਾ ਘੱਟ ਹੈ। ਰਾਜ ਦੇ ਕਈ ਬਲਾਕਾਂ ਨੂੰ ਖੁਸ਼ਕ ਕਰਾਰ ਦਿਤਾ ਜਾ ਚੁਕਾ ਹੈ ਜਿਥੋਂ ਕਿ ਹੋਰ ਟਿਊਬਵੈਲਾਂ ਰਾਹੀਂ ਪਾਣੀ ਧਰਤੀ ਹੇਠੋਂ ਨਹੀਂ ਕੱਢਿਆ ਜਾ ਸਕਦਾ।

ਪੰਜਾਬ ਇਸ ਦਾਅਵੇ ਨੂੰ ਵੀ ਮੰਨਣ ਲਈ ਤਿਆਰ ਨਹੀਂ ਹੈ ਕਿ ਸਾਂਝੇ ਪੰਜਾਬ ਵੇਲੇ ਹਰਿਆਣਾ ਦੇ ਖੇਤਰ ਨੂੰ ਪੰਜਾਬ ਦੇ ਦਰਿਆ ਸਿੰਜਦੇ ਸਨ। ਪੰਜਾਬ ਦਾ ਦਾਅਵਾ ਹੈ ਕਿ ਗੰਗਾ ਦਾ ਪਾਣੀ ਹਰਿਆਣਾ ਨੂੰ ਲਗਦਾ ਹੈ। ਇਸ ਲਈ ਹਰਿਆਣਾ ਗੰਗਾ ਦੇ ਪਾਣੀਆਂ ਵਿਚੋਂ ਆਪਦਾ ਹਿਸਾ ਮੰਗੇ। ਜਿਸ ਤਰ੍ਹਾਂ 60 ਅਤੇ 40 ਦੇ ਅਨੁਪਾਤ ਨਾਲ ਪੰਜਾਬ ਤੇ ਹਰਿਆਣਾ ਦੇ ਹਿਸੇ ਵੰਡੇ ਗਏ ਹਨ ਉਸੇ ਤਰ੍ਹਾਂ ਪਾਣੀਆਂ ਨੂੰ ਨਹੀਂ ਵੰਡਿਆ ਜਾ ਸਕਦਾ ਕਿਉਂ ਜੋ ਪੰਜਾਬ ਨੇ ਗੰਗਾ ਦੇ ਪਾਣੀਆਂ ਵਿਚੋਂ ਕੋਈ ਹਿਸਾ ਨਹੀਂ ਮੰਗਿਆ। ਗੰਗਾ ਨਦੀ ਦਾ ਬਹੁਤ ਸਾਰਾ ਪਾਣੀ ਅਜਾਈਂ ਹੀ ਜਾ ਰਿਹਾ ਹੈ ਜਿਸ ਵਿਚੋਂ ਹਰਿਆਣਾ ਨੂੰ ਪਾਣੀ ਦਿਤਾ ਜਾ ਸਕਦਾ ਹੈ।

ਐਕਸਪੋ 86 ਦਾ ਉਦਘਾਟਨ





ਅਸੀਂ ਤਾਰਾ ਯੁੱਧ ਤੋਂ ਬਚਾਓ ਲੱਭ ਲਿਆ ਹੈ

ਮਾਸਕੋ — ਨੋਵੋਸਤੀ ਪ੍ਰੈਸ ਦੀ ਖਬਰ ਅਨੁਸਾਰ ਸੋਵੀਅਤ ਯੂਨੀਅਨ ਨੇ 'ਰੀਗਨ ਦੁਆਰਾ ਪੁਲਾੜ ਯੁੱਧ ਦੇ' ਸੰਭਾਵਿਤ ਹਮਲੇ ਦੇ ਜੁਆਬ ਲਈ ਬਚਾਅ ਦਾ ਤਰੀਕਾ ਲੱਭ ਲਿਆ ਹੈ। ਉਹਨਾਂ ਦੇ ਕਹਿਣ ਅਨੁਸਾਰ ਉਹ ਆਕਾਸ਼ ਵਿਚ ਐਨੀਆਂ ਨਕਲੀ ਮਜ਼ਾਈਲਾਂ ਛੱਡਣਗੇ ਜਿਸ ਨਾਲ ਕੋਈ ਨੁਕਸਾਨ ਨਹੀਂ ਹੋਵੇਗਾ ਤੇ ਇਸ ਨਾਲ ਉਹਨਾਂ ਉਤੇ ਪੁਲਾੜ ਵਿਚੋਂ ਕੀਤੇ ਹਮਲੇ (Star War) ਨੂੰ ਰੋਕਿਆ ਜਾ ਸਕੇਗਾ। ਸੋਵੀਅਤ ਵਿਗਿਆਨੀਆਂ ਅਨੁਸਾਰ ਕਿ ਜੇ ਅਮਰੀਕੀ ਸੁਝਾਅ ਜੋ ਮਿਜ਼ਾਈਲਾਂ ਨੂੰ ਖਤਮ ਕਰਨ ਲਈ ਪੁਲਾੜ ਵਿਚ ਬੀੜੇ ਜਾਣ ਵਾਲੇ ਉਪ ਗ੍ਰਹਿ ਦੀ ਅਮਰੀਕਾ ਦੁਆਰਾ ਉਸਾਰੀ ਕੀਤੀ ਗਈ ਤਾਂ ਮੌਜੂਦਾ ਸੰਧੀ ਸਾਡੇ ਉਤੇ ਲਾਗੂ ਨਹੀਂ ਹੋਵੇਗੀ। ਉਹਨਾਂ ਕਿਹਾ ਕਿ ਇਸ ਪ੍ਰਬੰਧ ਨਾਲ ਅਸੀਂ ਹਮਲਾਵਰ ਦੇ ਜਵਾਬ ਵਿਚ ਕਦੀ ਨਾ ਪੂਰਾ ਹੋਣ ਵਾਲਾ ਨੁਕਸਾਨ ਕਰਨ ਦੇ ਕਾਬਿਲ ਹੋਵਾਂਗੇ। ਪੈਂਟਾਗਨ ਦੀ ਪਹਿਲਾਂ ਹਮਲਾ ਕਰਨ ਦੀ ਤਕਨੀਕ ਨੂੰ ਇਕ ਕਰਾਰਾ ਜਵਾਬ ਹੋਵੇਗਾ। ਪਰ ਉਹਨਾਂ ਕਿਹਾ ਕਿ ਅਸੀਂ ਕਦੀ ਵੀ ਖਲ੍ਹਾ ਵਿਚ ਹਥਿਆਰਾਂ ਦੀ ਦੌੜ ਨੂੰ ਨਹੀਂ ਲੈ ਕੇ ਜਾਵਾਂਗੇ ਅਤੇ ਨਾ ਹੀ ਅਮਰੀਕਾ ਦੁਆਰਾ ਕੀਤੇ ਜਾਂਦੇ ਸਟਾਰ ਵਾਰ (ਤਾਰਾ ਯੁੱਧ) ਸਬੰਧੀ ਖੋਜ ਵਿਚ ਉਸਤੋਂ ਅਗੇ ਨਿਕਲਣ ਦੀ ਕੋਸ਼ਿਸ਼ ਕਰਾਂਗੇ। ਇਹ ਹੀ ਨਹੀਂ ਅਸੀਂ ਇਸ ਦੀ ਕਿਸੇ ਖੋਜ ਵਿਚ ਜੋ ਕਿ ਮਨੁੱਖਤਾ ਲਈ ਇਕ ਗੰਭੀਰ ਖਤਰਾ ਪੈਦਾ ਕਰੇ ਕੋਈ ਹਿੱਸਾ ਨਹੀਂ ਪਾਵਾਂਗੇ।

ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਵਲੋਂ ਡਾਊਨ ਟਾਊਨ ਵਿਚ

ਮੁਜ਼ਾਹਰਾ

ਵੀਰਵਾਰ 22 ਮਈ, 1986 — 12 ਵਜੇ ਦੁਪਹਿਰ

1055 W. Georgia, Vancouver

(ਜਾਰਜੀਆ ਤੇ ਬਰਡ)

ਇਹ ਮੁਜ਼ਾਹਰਾ ਬੇਰੁਜ਼ਗਾਰੀ ਭੱਤੇ ਲਈ ਸਟੈਂਪਾਂ ਵਧਾਏ ਜਾਣ ਵਿਰੁੱਧ ਕੀਤਾ ਜਾ ਰਿਹਾ ਹੈ। ਇਸ ਲਈ ਕਮਿਊਨਿਟੀ ਦੇ ਹਰ ਮੈਂਬਰ ਅਗੇ ਬੇਨਤੀ ਹੈ ਕਿ ਉਹ ਮੁਜ਼ਾਹਰੇ ਵਾਲੇ ਥਾਂ ਉਤੇ ਪੁੱਜਣ ਦੀ ਕ੍ਰਿਪਾਲਤਾ ਕਰਨ ਤਾਂਕਿ ਇਸ ਗਲਤ ਕਦਮ ਵਿਰੁੱਧ ਲੋਕ-ਆਵਾਜ਼ ਲਾਮਵੰਦ ਕੀਤੀ ਜਾ ਸਕੇ। ਹੋਰ ਜਾਣਕਾਰੀ ਲਈ ਫੋਨ ਕਰੋ :—

430-6055

ਜਮ੍ਹਾਂ ਕਰ ਧਨ ਵਿਦੇਸ਼ਾਂ ਵਿਚ, ਜੋ ਆਪਣੇ ਦੇਸ਼ 'ਚੋਂ ਲੁੱਟਿਐ
ਮਗਰਮੱਛ ਵਾਂਗ ਹੰਝੂ ਕੇਰ ਤੂੰ, ਹੱਕ ਵਿਚ ਗਰੀਬਾਂ ਦੇ

ਤੂੰ ਸ਼ਾਇਰ ਹੈ, ਉਹ ਲੀਡਰ ਹੈ, ਤੁਹਾਡਾ ਮੇਲ ਕੀ ਹੋਇਆ ?
ਸੁਭਾਅ ਮਿਲਦੇ ਨਹੀਂ ਦੀਪਕ, ਫਕੀਰਾਂ ਨਾਲ ਠੱਗਾਂ ਦੇ।

ਅਫਗਾਨ ਫੌਜਾਂ ਨਾਲ ਮੁਠਭੇੜ ਵਿਚ ਮੁਜ਼ਾਹਦੀਨਾਂ ਨੂੰ ਸ਼ਿਕਸਤ

ਅੱਡੇ ਦਾ ਮੁਖੀ ਖਾਨ ਮੁਹੰਮਦ ਮਾਰਿਆ ਗਿਆ

ਐਸੋ: ਪ੍ਰੈਸ ਦੀ ਖਬਰ ਅਨੁਸਾਰ ਅਫਗਾਨੀ ਅਤੇ ਸੋਵੀਅਤ ਫੌਜਾਂ ਨੇ ਮਿਲਕੇ ਗੁਰੀਲਿਆਂ ਦੇ ਇਕ ਵੱਡੇ ਠਿਕਾਣੇ ਤੇ ਹਮਲਾ ਕੀਤਾ ਅਤੇ ਇਸ ਠਿਕਾਣੇ ਨੂੰ ਨਸ਼ਟ ਕਰ ਦਿਤਾ। ਇਹ ਖਬਰ ਸੋਵੀਅਤ ਪ੍ਰੈਸ ਵਿਚ ਸੀ ਜਿਸਦੀ ਪ੍ਰੋੜ੍ਹਤਾ ਪਾਕਿਸਤਾਨ ਵਿਚਲੇ ਗੁਰੀਲਿਆਂ ਦੇ ਸੂਤਰਾਂ ਨੇ ਵੀ ਕੀਤੀ ਹੈ। ਸੋਵੀਅਤ ਅਖਬਾਰ ਇਜਵੇਸਤੀਆਂ ਅਨੁਸਾਰ ਤਕਰੀਬਨ 2000 ਦੇ ਲਗਭਗ ਅਮਰੀਕਾ ਪੱਖੀ ਗੁਰੀਲੇ ਮਾਰੇ ਗਏ ਅਤੇ 4000 ਦੇ ਕਰੀਬ ਜ਼ਖਮੀ ਹੋਏ। ਇਸ ਹਮਲੇ ਵਿਚ ਭਾਰੀ ਮਾਤਰਾ ਵਿਚ ਸੌ ਰਾਕੇਟ, ਮਸ਼ੀਨਗੰਨਾਂ, ਤੋਪਾਂ ਦੇ ਗੋਲੇ ਜੋ ਲੱਖਾਂ ਦੀ ਤਾਦਾਦ ਵਿਚ ਸਨ ਫੜੇ ਗਏ। ਇਹ ਸਾਰਾ ਅਸਲਾ ਪਾਕਿਸਤਾਨ ਰਾਹੀਂ ਅਮਰੀਕਾ ਦੁਆਰਾ ਸਪਲਾਈ ਕੀਤਾ ਗਿਆ ਸੀ।

ਕਹਿੰਦੇ ਹਨ ਕਿ ਅੱਡੇ ਨੂੰ ਚਲਾਉਣ ਵਾਲਾ ਖਾਨ ਮੁਹੰਮਦ ਇਕ ਧਨਾਢ ਜਗੀਰਦਾਰ ਸੀ ਮਾਰਿਆ ਗਿਆ ਉਸਦੇ ਨਾਲ ਹੀ ਉਸਦੇ ਤਿੰਨ ਅਮਰੀਕੀ ਸਲਾਹਕਾਰ ਵੀ ਮਾਰੇ ਗਏ ਦਸੇ ਜਾਂਦੇ ਹਨ।



ਹਿੰਦ-ਪਾਕਿ ਸਰਹੱਦ ਉਤੇ ਜਵਾਨਾਂ ਨੂੰ ਆਧੁਨਿਕ ਹਥਿਆਰ — ਨਹਿਰੂ

ਰਾਇਬਰੇਲੀ — ਅੰਦਰੂਨੀ ਸੁਰੱਖਿਆ ਬਾਰੇ ਰਾਜ ਮੰਤਰੀ ਸ੍ਰੀ ਅਰੁਣ ਨਹਿਰੂ ਨੇ ਇਥੇ ਕਿਹਾ ਕਿ ਪਾਕਿਸਤਾਨ ਨਾਲ ਸਬੰਧ ਰੱਖਣ ਵਾਲੇ ਲੋਕਾਂ ਵਲੋਂ ਜਵਾਨਾਂ ਉਤੇ ਹਮਲੇ ਵਧ ਜਾਣ ਕਾਰਨ ਭਾਰਤ-ਪਾਕਿ ਸਰਹੱਦ ਉਤੇ ਚੌਕੀਆਂ ਉਤੇ ਤਾਇਨਾਤ ਅਮਲੇ ਨੂੰ ਆਧੁਨਿਕ ਹਥਿਆਰ ਦਿਤੇ ਗਏ ਹਨ। ਇਥੇ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਮੰਤਰੀ ਨੇ ਕਿਹਾ ਕਿ ਪਿਛਲੇ ਛੇ ਹਫਤਿਆਂ ਵਿਚ ਸਰਹੱਦ ਉਤੇ ਸੀਮਾ ਸੁਰੱਖਿਆ ਦਲ ਵਲੋਂ ਅਜਿਹੇ ਸੱਤਰ ਹਮਲਾਵਰਾਂ ਨੂੰ ਮਾਰ ਦਿਤਾ ਗਿਆ ਹੈ। ਪੰਜਾਬ ਵਿਚ ਦਹਿਸ਼ਤਵਾਦ ਦਾ ਜ਼ਿਕਰ ਕਰਦਿਆਂ ਸ੍ਰੀ ਨਹਿਰੂ ਨੇ ਕਿਹਾ ਕਿ ਇਹ ਬੜਾ ਪੇਚੀਦਾ ਮਸਲਾ ਹੈ ਅਤੇ ਪੰਜਾਬ ਦੇ ਮੁਖ ਮੰਤਰੀ ਇਸ ਨਾਲ ਨਿਪਟਨ ਲਈ ਯਤਨਸ਼ੀਲ ਹਨ। ਉਨ੍ਹਾਂ ਦਾਅਵਾ ਕੀਤਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਵਲੋਂ ਚੁੱਕੇ ਗਏ ਕਦਮਾਂ ਦੇ ਚੰਗੇ ਨਤੀਜੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ ਅਤੇ ਦਹਿਸ਼ਤਪਸੰਦਾਂ ਦੀਆਂ ਸਰਗਰਮੀਆਂ ਉਤੇ ਨਜ਼ਰ ਰੱਖਣ ਦੇ ਨਾਲ ਸਰਹੱਦ ਉਤੇ ਵੀ ਚੌਕਸੀ ਵਧਾ ਦਿਤੀ ਗਈ ਹੈ। ਸ੍ਰੀ ਨਹਿਰੂ ਨੇ ਕਿਹਾ ਕਿ ਹੁਣ ਤੱਕ ਦਸ ਦਹਿਸ਼ਤਪਸੰਦ ਮਾਰੇ ਜਾ ਚੁਕੇ ਹਨ ਅਤੇ 880 ਹੋਰਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਮੰਤਰੀ ਨੇ ਕਿਹਾ ਕਿ ਪਾਕਿਸਤਾਨ ਤੋਂ ਬਿਨਾਂ ਕਿਸੇ ਹੋਰ ਦੇਸ਼ ਵਲੋਂ ਦਹਿਸ਼ਤਪਸੰਦਾਂ ਦੀ ਮਦਦ ਕੀਤੇ ਜਾਣ ਦੇ ਸਬੂਤ ਨਹੀਂ ਮਿਲੇ ਅਤੇ ਦਹਿਸ਼ਤਪਸੰਦਾਂ ਨੂੰ ਪਾਕਿ ਵਿਚ ਸਿਖਲਾਈ ਦੇਣ ਦੇ ਸਵਾਲ ਨੂੰ ਵਿਦੇਸ਼ ਮੰਤਰਾਲੇ ਨੇ ਪਾਕਿਸਤਾਨੀ ਅਧਿਕਾਰੀਆਂ ਕੋਲ ਉਠਾਇਆ ਹੈ। ਉਨ੍ਹਾਂ ਕਿਹਾ ਕਿ ਡਾ: ਫਾਰੂਕ ਅਬਦੁੱਲਾ ਦੇ ਇਨ੍ਹਾਂ ਦੋਸ਼ਾਂ ਵਿਚ ਕੋਈ ਸਚਾਈ ਨਹੀਂ ਕਿ ਸਿੱਖਾਂ ਨਾਲ ਹਿੰਦ ਵਿਚ ਦੂਜੇ ਦਰਜੇ ਦੇ ਸ਼ਹਿਰੀਆਂ ਵਾਲਾ ਸਲੂਕ ਹੋ ਰਿਹਾ ਹੈ। ਉਨ੍ਹਾਂ ਨੇ ਇਸ ਦੋਸ਼ ਨੂੰ ਕੇਵਲ ਪਰਚਾਰ ਸਟੰਟ ਹੀ ਕਰਾਰ ਦਿਤਾ। ਸ੍ਰੀ ਨਹਿਰੂ ਨੇ ਕਿਹਾ ਕਿ ਸਰਕਾਰ ਦੇਸ਼ ਵਿਚ ਕਿਧਰੇ ਵੀ ਫਿਰਕੂ ਨਫਰਤ ਭੜਕਾਉਣ ਦੀਆਂ ਕਾਰਵਾਈਆਂ ਨੂੰ ਸਖਤੀ ਨਾਲ ਦਬਾ ਦੇਵੇਗੀ ਅਤੇ ਫਿਰਕੂਆਂ ਪ੍ਰਤੀ ਕੋਈ ਨਰਮੀ ਨਹੀਂ ਵਰਤੇਗੀ।

ਦੁਹਾਈ ਪਾ ਮੁਹੱਬਤ ਦੀ, ਤੂੰ ਕਰ ਪ੍ਰਚਾਰ ਨਫਰਤ ਦਾ
ਜਗਾ ਦਹਿਸ਼ਤਪਸੰਦੀ, ਪਰ ਅਹਿੰਸਾ ਨੂੰ ਅਵਾਜ਼ਾਂ ਦੇ

ਸਿਆਸੀ ਦੁਸ਼ਮਣੀ ਕੱਢ ਆਪਣੀ, ਬਰਬਾਦੀ ਕਰਾ ਸਾਡੀ
ਸਿਆਣੇ ਕਹਿਣ, ਖੌਹ ਝਾੜਾਂ ਦਾ ਹੁੰਦੈ ਭੇੜ ਸਾਨ੍ਹਾਂ ਦਾ

ਬਹਾਰਾਂ ਦੇ ਮਜ਼ੇ ਲੈ ਖੁਦ, ਹੰਢਾ ਫੁੱਲਾਂ ਦੀਆਂ ਮਹਿਕਾਂ
ਮਗਰ ਫੋਕੇ ਦਿਖਾ ਜਲਵੇ ਤੂੰ ਲੋਕਾਂ ਨੂੰ ਬਹਾਰਾਂ ਦੇ

ਕਿਸੇ ਦਾ ਕਤਲ ਹੁੰਦੈ? ਹੋਣ ਦੇ; ਕੁਰਸੀ ਤੂੰ ਰੱਖ ਕਾਇਮ
ਤਮਾਸ਼ੇ ਵੇਖ ਨਿੱਤ ਕੁਰਸੀ ਤੇ ਬਹਿ ਕੇ, ਬੇਵਕੂਫਾਂ ਦੇ

ਸੋਭਰਾਜ ਦੇ ਕੇਸ ਲਈ ਵਿਸ਼ੇਸ਼ ਅਦਾਲਤ ਬਣਾਉਣ ਦੀ ਸੰਭਾਵਨਾ

ਨਵੀਂ ਦਿੱਲੀ — ਕੌਮਾਂਤਰੀ ਪੱਧਰ ਦੇ ਚਰਚਿਤ ਬਦਮਾਸ਼ ਚਾਰਲਸ ਸੋਭਰਾਜ ਵਲੋਂ ਤਿਹਾੜ ਜੇਲ੍ਹ 'ਚੋਂ ਦੌੜਨ ਦੇ ਕੇਸ ਦੀ ਛੇਤੀ ਸੁਣਵਾਈ ਲਈ ਵਿਸ਼ੇਸ਼ ਅਦਾਲਤ ਕਾਇਮ ਕਰਨ ਦੇ ਮਾਮਲੇ 'ਤੇ ਕੇਂਦਰੀ ਗ੍ਰਹਿ ਮੰਤਰਾਲਾ ਵਿਚਾਰ ਕਰ ਰਿਹਾ ਹੈ। ਅਜਿਹਾ ਇਸ ਲਈ ਸੋਚਿਆ ਜਾ ਰਿਹਾ ਹੈ ਕਿ ਬਿਨਾਂ ਕਿਸੇ ਦੇਰੀ ਦੇ ਚਾਰਲਸ ਸੋਭਰਾਜ ਨੂੰ ਥਾਈਲੈਂਡ ਸਰਕਾਰ ਦੇ ਹਵਾਲੇ ਕੀਤਾ ਜਾ ਸਕੇ। ਥਾਈਲੈਂਡ ਸਰਕਾਰ 1976 ਤੋਂ ਲਗਾਤਾਰ ਭਾਰਤ ਸਰਕਾਰ 'ਤੇ ਜ਼ੋਰ ਪਾ ਰਹੀ ਹੈ ਕਿ ਸੋਭਰਾਜ ਦਿਤਾ ਜਾਵੇ ਕਿਉਂ ਜੋ ਉਥੇ ਦੇ ਪੰਜ ਕਤਲ ਕੇਸਾਂ ਤੇ ਹੋਰ ਨਸ਼ੀਲੀਆਂ ਦਵਾਈਆਂ ਆਦਿ ਵੇਚਣ ਦੇ ਕੇਸਾਂ ਸਬੰਧੀ ਸੋਭਰਾਜ ਲੋੜੀਂਦਾ ਹੈ।

ਮੰਤਰਾਲੇ ਦੇ ਕਾਨੂੰਨੀ ਮਾਹਿਰਾਂ ਦਾ ਰਾਏ ਅਨੁਸਾਰ ਇਕ ਹਵਾਲਾਤੀ ਨੂੰ ਇਕ ਸਰਕਾਰ ਵਲੋਂ ਦੂਜੀ ਸਰਕਾਰ ਦੇ ਹਵਾਲੇ ਨਹੀਂ ਕੀਤਾ ਜਾ ਸਕਦਾ। ਚਾਰਲਸ ਸੋਭਰਾਜ ਉਪਰ ਭਾਰਤ 'ਚ 1976 ਤੋਂ ਲੈ ਕੇ 9 ਕੇਸ ਚਲਾਏ ਗਏ ਤੇ ਉਹ ਸਾਰਿਆਂ ਵਿਚੋਂ ਬਰੀ ਹੁੰਦਾ ਗਿਆ। ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਵਿਦੇਸ਼ੀ ਮਾਮਲਿਆਂ ਬਾਰੇ ਮੰਤਰਾਲੇ ਨਾਲ ਸਲਾਹ-ਮਸ਼ਵਰਾ ਕਰ ਕੇ ਪਰੋਗਰਾਮ ਬਣਾਇਆ ਜਾ ਰਿਹਾ ਸੀ ਕਿ ਸੋਭਰਾਜ ਨੂੰ ਥਾਈਲੈਂਡ ਹਵਾਲੇ ਕਰ ਦਿਤਾ ਜਾਵੇ। ਇਹ ਗੱਲ ਇਸ ਸਾਲ ਦੇ ਸ਼ੁਰੂ ਦੀ ਹੈ ਪਰ ਸੋਭਰਾਜ ਪਿਛੇ ਜਿਹੇ ਤਿਹਾੜ ਜੇਲ੍ਹ 'ਚੋਂ ਦੌੜ ਗਿਆ ਤੇ ਫੇਰ ਗੋਆ ਵਿਚੋਂ ਹੋਰਨਾਂ ਸਮੇਤ ਕਾਬੂ ਕਰ ਲਿਆ ਗਿਆ। ਭਰੋਸੇਯੋਗ ਸੂਤਰਾਂ ਅਨੁਸਾਰ ਸੋਭਰਾਜ ਨੂੰ ਬਿਨਾਂ ਕੇਸ ਚਲਾਏ ਥਾਈਲੈਂਡ ਦੇ ਹਵਾਲੇ ਕਰਨ ਦਾ ਮਾਮਲਾ ਗ੍ਰਹਿ ਮੰਤਰਾਲੇ 'ਚ ਉਚ ਪੱਧਰ 'ਤੇ ਵਿਚਾਰਿਆ ਗਿਆ। ਇਹ ਵੀ ਪਤਾ ਲੱਗਾ ਹੈ ਕਿ ਦਿੱਲੀ ਪ੍ਰਸ਼ਾਸਨ ਤੇ ਦਿੱਲੀ ਪੁਲੀਸ ਦੇ ਅਫਸਰ ਚਾਹੁੰਦੇ ਹਨ ਕਿ ਜਿਤਨੀ ਜਲਦੀ ਹੋ ਸਕੇ ਸੋਭਰਾਜ ਨੂੰ ਥਾਈਲੈਂਡ ਨੂੰ ਸੌਂਪ ਦਿਤਾ ਜਾਵੇ। ਪਤਾ ਲੱਗਾ ਹੈ ਕਿ ਸੋਭਰਾਜ ਦੇ ਕੇਸ ਲਈ ਜੋ ਵਿਸ਼ੇਸ਼ ਅਦਾਲਤ ਬਣਾਏ ਜਾਣ ਦੀ ਸੰਭਾਵਨਾ ਹੈ, ਉਸ ਵਿਚ ਹਾਈਕੋਰਟ ਦਾ ਜੱਜ ਲਿਆ ਜਾਵੇਗਾ। ਇਨ੍ਹਾਂ ਉਕਤ ਕਾਰਨਾਂ ਅਧੀਨ ਹੀ ਸੋਭਰਾਜ ਨੂੰ ਅੰਬਾਲਾ ਜੇਲ੍ਹ ਲਿਜਾਣ ਦਾ ਫੈਸਲਾ ਰੁਕ ਗਿਆ ਹੈ।

ਬੰਗਲਾ ਦੇਸ਼ ਵਿਚ ਚੋਣ ਝੜਪਾਂ

ਢਾਕਾ — ਬੰਗਲਾ ਦੇਸ਼ ਵਿਚ 7 ਮਈ ਨੂੰ ਹੋਣ ਵਾਲੀਆਂ ਪਾਰਲੀਮਾਨੀ ਚੋਣਾਂ ਵਿਚ ਹਿੰਸਕ ਵਾਰਦਾਤਾਂ ਹੋਣ ਦੀਆਂ ਖਬਰਾਂ ਮਿਲ ਰਹੀਆਂ ਹਨ। ਜੇਧੋਰ ਤੋਂ ਤੀਹ ਕਿਲੋਮੀਟਰ ਦੂਰ ਦੋ ਪਾਰਟੀਆਂ ਵਿਚ ਹੋਈਆਂ ਝੜਪਾਂ ਵਿਚ ਕੋਈ ਸੌ ਵਿਅਕਤੀ ਫੱਟੜ ਹੋ ਗਏ ਅਤੇ ਵੀਹ ਗੱਡੀਆਂ ਨੂੰ ਨੁਕਸਾਨ ਪੁੱਜਾ। ਫੱਟੜ ਹੋਣ ਵਾਲਿਆਂ ਵਿਚ ਸਾਬਕਾ ਮੰਤਰੀ ਨੂਰ ਮੁਹੰਮਦ ਖਾਨ ਵੀ ਸ਼ਾਮਲ ਹੈ। ਰੰਗਪੁਰ ਵਿਚ ਦੋ ਚੋਣ ਦਫਤਰਾਂ ਉਤੇ ਕੀਤੇ ਗਏ ਹਮਲਿਆਂ ਕਾਰਨ ਅਵਾਮੀ ਨੈਸ਼ਨਲ ਪਾਰਟੀ ਦਾ ਇਕ ਵਰਕਰ ਫੱਟੜ ਹੋਇਆ। ਚਿਟਾਗਾਂਗ ਨੇੜੇ ਇਕ ਹੋਰ ਝੜਪ ਵਿਚ ਹੁਕਮਰਾਨ ਪਾਰਟੀ ਦਾ ਉਮੀਦਵਾਰ ਅਤੇ ਸਾਬਕਾ ਮੰਤਰੀ ਸਲਾਹਉਦਦੀਨ ਨਾਇਰ ਚੋਧਰੀ ਫਟੜ ਹੋ ਗਿਆ।

ਭਾਰਤੀ ਕਿਸਾਨ ਯੂਨੀਅਨ ਗੱਲਬਾਤ ਲਈ ਤਿਆਰ — ਲੱਖੋਵਾਲ

ਮੋਰਿੰਡਾ — ਭਾਰਤੀ ਕਿਸਾਨ ਯੂਨੀਅਨ ਦੇ ਨੇਤਾ ਸ. ਅਜਮੇਰ ਸਿੰਘ ਲਖੋਵਾਲ ਨੇ ਸਰਕਾਰ ਵਲੋਂ ਯੂਨੀਅਨ ਨੂੰ ਗਲਬਾਤ ਲਈ ਸੱਦੇ ਜਾਣ ਦਾ ਸਵਾਗਤ ਕੀਤਾ ਹੈ ਪਰ ਨਾਲ ਹੀ ਕਿਹਾ ਹੈ ਕਿ ਜਦੋਂ ਤੱਕ ਲਿੰਕ ਨਹਿਰ ਦੀ ਸੇਧ ਬਦਲਣ ਬਾਰੇ ਕੋਈ ਅੰਤਮ ਫੈਸਲਾ ਨਹੀਂ ਹੋ ਜਾਂਦਾ, ਉਦੋਂ ਤੱਕ ਪਥਰੇੜੀ ਜੱਟਾਂ ਵਿਚ ਰੱਖਿਆ ਧਰਨਾ ਜਾਰੀ ਰਹੇਗਾ। ਲਿੰਕ ਨਹਿਰ ਦੀ ਸੇਧ ਬਦਲਣ ਬਾਰੇ ਮੋਰਚੇ ਦੇ ਮੁਖ ਪ੍ਰਬੰਧਕ ਤੇ ਸਰਪੰਚ ਸ: ਪ੍ਰੀਤਮ ਸਿੰਘ ਕਜੌਲੀ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ। ਸ: ਲਖੋਵਾਲ ਨੇ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਤਾਂ ਸਰਕਾਰ ਨਾਲ ਆਪਣੀਆਂ ਮੰਗਾਂ ਬਾਰੇ ਪਹਿਲਾਂ ਹੀ 11 ਅਪਰੈਲ ਨੂੰ ਗਲਬਾਤ ਲਈ ਤਿਆਰ ਸੀ ਪਰ ਖੁਦ ਬਰਨਾਲਾ ਸਰਕਾਰ ਨੇ ਕਿਸਾਨਾਂ ਦੀਆਂ ਗ੍ਰਿਫਤਾਰੀਆਂ ਸ਼ੁਰੂ ਕਰ ਦਿਤੀਆਂ ਅਤੇ ਇੰਜ ਸਮੁੱਚੇ ਮਾਹੌਲ ਵਿਚ ਕੁੜੱਤਣ ਪੈਦਾ ਕਰ ਦਿਤੀ।

ਕਿਸਾਨ ਨੇਤਾ ਨੇ ਆਸ ਪ੍ਰਗਟ ਕੀਤੀ ਕਿ ਲਿੰਕ ਨਹਿਰ ਦੀ ਸੇਧ ਬਾਰੇ ਕੋਈ ਨਾ ਕੋਈ ਫੈਸਲਾ ਜ਼ਰੂਰ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਸਰਕਾਰ ਨੂੰ ਹਰ ਤਰ੍ਹਾਂ ਨਾਲ ਸਹਿਯੋਗ ਦੇਣ ਲਈ ਤਿਆਰ ਹੈ। ਇਸੇ ਦੌਰਾਨ ਲਖੋਵਾਲ ਨੇ 'ਪੰਜਾਬੀ ਟ੍ਰਿਬਿਊਨ' ਨੂੰ ਦੱਸਿਆ ਕਿ ਭਾਰਤੀ ਕਿਸਾਨ ਯੂਨੀਅਨ ਦੀਆਂ ਮੰਗਾਂ ਬਾਰੇ ਬਰਨਾਲਾ ਸਰਕਾਰ ਨੇ ਵਿੱਤ ਮੰਤਰੀ ਸ: ਬਲਵੰਤ ਸਿੰਘ ਦੀ ਪ੍ਰਧਾਨਗੀ ਹੇਠ ਕਮੇਟੀ ਕਾਇਮ ਕੀਤੀ ਸੀ। ਇਸ ਵਿਚ ਅਰਜਨ ਸਿੰਘ ਲਿੱਟ, ਰਾਜਿੰਦਰ ਸਿੰਘ ਧਾਲੀਵਾਲ, ਹਰਿੰਦਰਪਾਲ ਸਿੰਘ ਗਿੱਲ, ਨੱਥਾ ਸਿੰਘ ਦਾਲਮ, ਭੂਪਿੰਦਰ ਸਿੰਘ ਮਾਨ, ਬਲਬੀਰ ਸਿੰਘ ਰਾਜੇਵਾਲ ਤੇ ਅਜਮੇਰ ਸਿੰਘ ਲਖੋਵਾਲ ਗਏ ਸਨ। ਇਸ ਕਮੇਟੀ ਨੇ ਜੋ ਫੈਸਲੇ ਕੀਤੇ ਉਹ ਸੱਤ ਮਾਰਚ ਨੂੰ ਪੰਜਾਬ ਅਸੈਂਬਲੀ ਦੇ ਇਜਲਾਸ ਵਿਚ ਐਲਾਨ ਕੀਤੇ ਜਾਣੇ ਸਨ, ਪਰ ਕੀਤੇ ਨਹੀਂ ਗਏ

ਸ. ਲਖੋਵਾਲ ਨੇ ਦਾਅਵਾ ਕੀਤਾ ਕਿ ਜੋ ਫੈਸਲੇ ਹੋਏ ਸਨ, ਉਨ੍ਹਾਂ ਅਨੁਸਾਰ ਬਿਜਲੀ ਦੇ ਬਿਲਾਂ ਦੇ ਬਕਾਏ ਦਾ ਚੌਥਾ ਹਿਸਾ ਮੁਆਫ ਕਰ ਦਿਤਾ ਗਿਆ ਸੀ ਜਦ ਕਿ ਬਾਕੀ ਬਕਾਏ ਤਿੰਨ ਕਿਸ਼ਤਾਂ ਵਿਚ ਛੇ-ਛੇ ਮਹੀਨੇ ਦੇ ਫਰਕ ਨਾਲ ਲੈਣੇ ਸਨ ਇਹ ਵੀ ਫੈਸਲਾ ਹੋਇਆ ਸੀ ਕਿ ਕਿਸਾਨ ਅੰਦੋਲਨ ਦੌਰਾਨ ਕੱਟੇ ਬਿਜਲੀ ਦੇ ਕੁਨੈਕਸ਼ਨ ਬਿਨਾਂ ਕਿਸੇ ਖਰਚੇ ਤੋਂ ਦੁਬਾਰਾ ਲਗਾ ਦਿਤੇ ਜਾਣਗੇ। ਇਸ ਤੋਂ ਇਲਾਵਾ ਮੋਨੋਬਲਾਕ ਮੋਟਰਾਂ ਦੇ ਪੰਪ ਕਿਸਾਨਾਂ ਦੀ ਮਰਜ਼ੀ ਨਾਲ ਲਗਾਏ ਜਾਣ ਦਾ ਫੈਸਲਾ ਹੋਇਆ। ਇਹ ਫੈਸਲਾ ਵੀ ਹੋਇਆ ਕਿ ਕਿਸਾਨਾਂ ਦੇ ਕਰਜ਼ਿਆਂ ਉਤੇ ਪੈਨਲ ਵਿਆਜ ਖਤਮ ਕਰ ਦਿਤਾ ਜਾਵੇਗਾ ਅਤੇ ਬਾਕੀ ਕਰਜ਼ੇ ਅਸਾਨ ਕਿਸ਼ਤਾਂ ਉਤੇ ਲਏ ਜਾਣਗੇ। ਸ. ਲਖੋਵਾਲ ਨੇ ਆਸ ਪ੍ਰਗਟ ਕੀਤੀ ਕਿ ਸਰਕਾਰ ਤੇ ਯੂਨੀਅਨ ਵਿਚਕਾਰ ਹੋਣ ਵਾਲੀ ਗਲਬਾਤ ਵਿਚ ਇਨ੍ਹਾਂ ਫੈਸਲਿਆਂ ਬਾਰੇ ਐਲਾਨ ਕਰਵਾਉਣ ਸਬੰਧੀ ਸਰਕਾਰ ਨੂੰ ਕਿਹਾ ਜਾਵੇਗਾ।

AMBIKA'S DISCOUNT CENTRE

9407 Scott Rd. Delta, B.C.

Ph. 588-4551

AMBIKA FOODS

5125 Victoria Drive

Vancouver, B.C.

Ph. 327-0295

Pepsi 7up 2 for ਪੈਪਸੀ ਸੈਵਨ ਅੱਪ **99¢**	**Long Grain Rice** 20 kg. ਲੌਂਗ ਗਰੇਨ ਚਾਵਲ **$10.89**
Butter lb. ਬਟਰ **2.45**	**Pachranga Achar** can ਪਚਰੰਗਾ ਆਚਾਰ **1.49**
Manh, Moongi lb. ਮਾਂਹ, ਮੂੰਗੀ **37¢**	**Zeera, Methi, Haldi, Mirchan** lb. **99¢** ਜ਼ੀਰਾ, ਮੇਥੇ, ਹਲਦੀ, ਮਿਰਚਾਂ
Rooh Afza bottle ਰੂਹ ਅਫਜ਼ਾ ਦੀ ਬੋਤਲ **3.99**	ਹਰੀਆਂ ਤਾਜ਼ੀਆਂ ਸਬਜ਼ੀਆਂ, ਸਾਫ ਸੁਥਰੀਆਂ ਅੰਬੀਕਾ ਤੋਂ ਖਰੀਦੋ

For your marriage party or other parties — Kitchen facilities available for cooking — Day to day rental basis — cooking assistance available, too — cook yourself and save money.

Book in advance

Ph. 327-0295

ਵਿਆਹ ਸ਼ਾਦੀਆਂ ਦੀ ਪਾਰਟੀ ਲਈ, ਜਨਮ ਦਿਨ ਜਾਂ ਹੋਰ ਕਿਸੇ ਕਿਸਮ ਦੀ ਪਾਰਟੀ ਲਈ ਖਾਣਾ ਬਣਾਉਣ ਲਈ ਕਿਚਨ ਕਿਰਾਏ ਤੇ ਮਿਲ ਸਕਦੀ ਹੈ — ਆਪ ਖਾਣਾ ਬਣਾਓ ਅਤੇ ਪੈਸੇ ਬਚਾਓ । ਕਿਚਨ ਵਿਚ ਖਾਣਾ ਬਣਾਉਣ ਲਈ ਮਦਦ ਵੀ ਮਿਲ ਸਕਦੀ ਹੈ ਹੋਰ ਜਾਣਕਾਰੀ ਲਈ ਫੋਨ ਕਰੋ :—


ਫੋਨ : 327-0295

ਦਹਿਸ਼ਤਪਸੰਦਾਂ ਨੂੰ ਪਨਾਹ ਨਾ ਦਿਤੀ ਜਾਵੇ — ਬਰਨਾਲਾ

ਅਬੋਹਰ — ਪੰਜਾਬ ਦੇ ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਦਹਿਸ਼ਤਪਸੰਦਾਂ ਵਿਰੁੱਧ ਤਕੜੇ ਹੋ ਕੇ ਡਟਿਆ ਜਾਵੇ ਅਤੇ ਉਨ੍ਹਾਂ ਨੂੰ ਕਿਧਰੇ ਵੀ ਪਨਾਹ ਨਾ ਦਿਤੀ ਜਾਵੇ। ਉਨ੍ਹਾਂ ਕਿਹਾ ਕਿ ਦਹਿਸ਼ਤਪਸੰਦ ਵਿਦੇਸ਼ੀ ਸ਼ਕਤੀਆਂ ਦੀ ਸ਼ਹਿ 'ਤੇ ਸਾਰੇ ਦੇਸ਼ ਨੂੰ ਖੇਰੂੰ ਖੇਰੂੰ ਕਰਨਾ ਚਾਹੁੰਦੇ ਹਨ ਤੇ ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਦੇਸ਼ ਦੀ ਸੁਰੱਖਿਆ ਲਈ ਅਗੇ ਆਈਏ। ਅਬੋਹਰ ਨੂੰ ਸਬ ਡਿਵੀਜ਼ਨ ਬਣਾਉਣ ਸਬੰਧੀ ਇਥੇ ਇਕ ਸਮਾਗਮ ਦਾ ਉਦਘਾਟਨ ਕਰਦਿਆਂ ਸ. ਸੁਰਜੀਤ ਸਿੰਘ ਬਰਨਾਲਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਦਹਿਸ਼ਤਵਾਦ ਨੂੰ ਖਤਮ ਕਰਨ ਲਈ ਰਾਜ ਸਰਕਾਰ ਦੀ ਸੱਚੇ ਦਿਲੋਂ ਮਦਦ ਕੀਤੀ ਜਾਵੇ ਅਤੇ ਇਕਮੁੱਠ ਹੋ ਕੇ ਮੁਕਾਬਲਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਫਿਰਕੂਪੁਣਾ ਫੈਲਾਉਣ ਲਈ ਗੁਆਂਢੀ ਪ੍ਰਾਂਤ ਗਹਿਰੀਆਂ ਚਾਲਾਂ ਚਲ ਰਿਹਾ ਹੈ ਪਰ ਅਸੀਂ ਪੂਰੀ ਤਰ੍ਹਾਂ ਸੁਚੇਤ ਹਾਂ। ਉਨ੍ਹਾਂ ਕਿਹਾ ਕਿ ਸਥਿਤੀ ਵਿਚ ਅਗੇ ਨਾਲੋਂ ਕਾਫੀ ਸੁਧਾਰ ਆਇਆ ਤੇ ਸ਼ਹਿਰਾਂ 'ਚ ਹਾਲਤ ਆਮ ਵਰਗੇ ਹੋ ਗਏ ਹਨ। ਸ. ਬਰਨਾਲਾ ਨੇ ਕਿਹਾ ਕਿ ਅਬੋਹਰ ਤੇ ਫਾਜ਼ਿਲਕਾ ਨੂੰ ਰੇਲਵੇ ਲਾਈਨ ਰਾਹੀਂ ਜੋੜਨ ਲਈ ਅਤੇ ਇਸ ਦੇ ਤੇਜ਼ ਵਿਕਾਸ ਵਾਸਤੇ ਰਾਜ ਸਰਕਾਰ ਕੇਂਦਰ ਉਪਰ ਜ਼ੋਰ ਪਾਵੇਗੀ। ਉਨ੍ਹਾਂ ਦੱਸਿਆ ਕਿ ਜੂਨ ਮਹੀਨੇ ' ਦੇਸ਼ ਦੇ ਵੱਡੇ ਵੱਡੇ ਸਨਅਤਕਾਰਾਂ ਦੇ ਪ੍ਰਤੀਨਿਧਾਂ ਦੀ ਇਕ ਮੀਟਿੰਗ ਚੰਡੀਗੜ੍ਹ ਵਿਚ ਬੁਲਾਈ ਜਾ ਰਹੀ ਹੈ ਤੇ ਪੰਜਾਬ ਸਰਕਾਰ ਸਨਅਤਕਾਰਾਂ ਨੂੰ ਕਹੇਗੀ ਕਿ ਉਹ ਆਪਣੀਆਂ ਸਨਅਤੀ ਯੂਨਿਟਾਂ ਪੰਜਾਬ 'ਚ ਲਾਉਣ, ਪੰਜਾਬ ਸਰਕਾਰ ਉਨ੍ਹਾਂ ਨੂੰ ਵੱਧ ਤੋਂ ਵੱਧ ਉਤਸ਼ਾਹਿਤ ਕਰੇਗੀ। ਸ. ਬਰਨਾਲਾ ਨੇ ਕਿਹਾ ਕਿ ਚੰਡੀਗੜ੍ਹ ਦੀ ਇਸ ਮੀਟਿੰਗ ਸਮੇਂ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦੇ ਵੀ ਪੁੱਜਣ ਦੀ ਸੰਭਾਵਨਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ 'ਚ ਸਨਅਤਾਂ ਲਈ 500 ਕਰੋੜ ਰੁਪਏ ਖਰਚੇ ਜਾ ਚੁਕੇ ਹਨ।

ਸ. ਸੁਰਜੀਤ ਸਿੰਘ ਬਰਨਾਲਾ ਨੇ ਕਿਹਾ ਕਿ ਰਾਜ ਸਰਕਾਰ ਨੇ ਅਬੋਹਰ ਤੇ ਫਾਜ਼ਿਲਕਾ ਦੇ ਬਹੁਮੁਖੀ ਵਿਕਾਸ ਲਈ ਪਰੋਗਰਾਮ ਉਲੀਕਿਆ ਹੈ। ਵਿਦੇਸ਼ਾਂ ਦੀ ਸਹਾਇਤਾ ਨਾਲ ਇਕ ਵੱਡਾ ਹਾਰਟੀਕਲਚਰ ਪ੍ਰਾਸੈਸਿੰਗ ਯੂਨਿਟ ਲਗਾਉਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੀ ਪਾਣੀ ਦੀ ਮੰਗ ਉਚਿਤ ਹੈ ਤੇ ਇਸ ਮੰਗ ਦੀ ਪੂਰਤੀ ਲਈ ਅਸੀਂ ਡਟਾਂਗੇ। ਉਨ੍ਹਾਂ ਇਹ ਵੀ ਕਿਹਾ ਕਿ ਅਸੀਂ ਦੇਸ਼ ਦੇ ਪਾਣੀਆਂ ਦੇ ਕਾਨੂੰਨ ਮੁਤਾਬਕ ਹੀ ਪਾਣੀ ਦੀ ਮੰਗ ਕਰ ਰਹੇ ਹਾਂ। ਮੁੱਖ ਮੰਤਰੀ ਨੇ ਕਿਹਾ ਕਿ ਜੇਕਰ ਪੰਜਾਬ ਨੂੰ ਪੂਰਾ ਪਾਣੀ ਮਿਲ ਜਾਂਦਾ ਹੈ ਤਾਂ ਅਬੋਹਰ ਫਾਜ਼ਿਲਕਾ ਦਾ ਖੇਤਰ ਵੀ ਇਸ ਦਾ ਪੂਰਾ ਲਾਭ ਉਠਾਏਗਾ। ਸ. ਬਰਨਾਲਾ ਨੇ ਕਿਹਾ ਕਿ ਭਾਸ਼ਾ ਅਤੇ ਧਰਮ ਨੂੰ ਜੋੜਨਾ ਗਲਤ ਹੈ। ਪੰਜਾਬੀ ਕੇਵਲ ਸਿੱਖਾਂ ਦੀ ਹੀ ਨਹੀਂ ਸਾਰੇ ਪੰਜਾਬੀਆਂ ਦੀ ਮਾਂ-ਬੋਲੀ ਹੈ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬੀ ਸਿਰਫ ਸਿੱਖਾਂ ਦੀ ਹੀ ਬੋਲੀ ਹੋਵੇ ਤਾਂ ਪਾਕਿਸਤਾਨ ਵਿਚ ਇਸ ਦੀ ਹੋਂਦ ਹੀ ਨਾ ਹੋਵੇ। ਉਨ੍ਹਾਂ ਕਿਹਾ ਕਿ ਹਿੰਦੀ ਭਾਸ਼ਾ ਨਾਲ ਵੀ ਸਾਡਾ ਕੋਈ ਵਿਰੋਧ ਨਹੀਂ ਸਗੋਂ ਹਿੰਦੀ ਸਾਡੀ ਰਾਸ਼ਟਰੀ ਭਾਸ਼ਾ ਹੈ ਤੇ ਅਕਾਲੀ ਦਲ ਨੇ ਹਿੰਦੀ ਭਾਸ਼ਾ ਲਈ ਸਮੇਂ ਸਮੇਂ ਸਿਰ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ 'ਚ ਪੰਜਾਬੀ ਭਾਸ਼ਾ ਦੇ ਨਾਲ-ਨਾਲ ਹਿੰਦੀ ਭਾਸ਼ਾ ਦੇ ਵਿਕਾਸ ਲਈ ਵੀ ਯਤਨ ਜਾਰੀ ਰਹਿਣਗੇ। ਸ. ਬਰਨਾਲਾ ਨੇ ਕਿਹਾ ਕਿ ਦੂਜਾ ਕਮਿਸ਼ਨ ਜਲਦ ਬਿਠਾਇਆ ਜਾਵੇ ਤੇ ਪੰਜਾਬੀ ਬੋਲਦੇ ਹਰਿਆਣਾ ਦੇ ਇਲਾਕੇ ਪੰਜਾਬ ਨੂੰ ਦਿਵਾਏ ਜਾਣ। ਉਨ੍ਹਾਂ ਦਾਅਵਾ ਕੀਤਾ ਕਿ ਸਿਰਸਾ ਜ਼ਿਲੇ ਦੇ ਛੇ-ਸੱਤ ਸੌ ਪਿੰਡ ਪੰਜਾਬੀ ਬੋਲਦੇ ਹਨ ਤੇ ਜੇਕਰ ਉਹ ਸਭ ਪੰਜਾਬ ਨੂੰ ਮਿਲ ਜਾਣ ਤਾਂ ਅਬੋਹਰ ਨੂੰ ਜ਼ਿਲਾ ਬਣਾਉਣ ਦੀ ਗੱਲ ਵਿਚਾਰੀ ਜਾ ਸਕਦੀ ਹੈ।

ਮੋਬਰਲੀ ਸਕੂਲ ਵੈਨਕੂਵਰ ਵਿਚ ਸੈਨਟੈਨੀਅਲ ਨੁਮਾਇਸ਼



ਮੇਅਰ ਮਾਈਕ ਹਾਰਕੋਰਟ ਨੁਮਾਇਸ਼ ਦਾ ਉਦਘਾਟਨ ਕਰਦੇ ਹੋਏ

ਬੇਨਜ਼ੀਰ ਸ਼ਿਮਲਾ ਸੰਧੀ ਅਧੀਨ ਅਮਨ ਦੀ ਚਾਹਵਾਨ

ਵਾਸ਼ਿੰਗਟਨ — ਪਾਕਿਸਤਾਨ ਪੀਪਲਜ਼ ਪਾਰਟੀ ਦੀ ਨੇਤਾ ਬੇਨਜ਼ੀਰ ਭੁੱਟੋ ਦਾ ਵਿਚਾਰ ਹੈ ਕਿ ਭਾਰਤ ਨਾਲ ਚਿਰ ਸਥਾਈ ਅਮਨ ਹਾਸਲ ਕਰਨ ਲਈ ਜ਼ਰੂਰੀ ਹੈ ਕਿ ਸ਼ਿਮਲਾ ਸਮਝੌਤੇ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਜਾਵੇ। ਮਿਸ ਭੁੱਟੋ ਮੁਤਾਬਕ ਭਾਰਤ ਨਾਲ ਅਮਨ ਹਥਿਆਰਾਂ ਰਾਹੀਂ ਨਹੀਂ, ਸਗੋਂ ਸ਼ਿਮਲਾ ਸਮਝੌਤੇ ਮੁਤਾਬਕ ਨਿਰੰਤਰ ਗਲਬਾਤ ਅਤੇ ਵਿਚਾਰ ਵਟਾਂਦਰੇ ਰਾਹੀਂ ਕਾਇਮ ਰਹਿ ਸਕਦਾ ਹੈ। ਇਹ ਗੱਲ ਪੱਤਰਕਾਰਾਂ ਨੂੰ ਗੱਲਬਾਤ ਕਰਦੇ ਹੋਏ ਪੀਪਲਜ਼ ਪਾਰਟੀ ਦੇ ਸੀਨੀਅਰ ਨੇਤਾ ਨਸੀਰ ਅਹਿਮਦ ਨੇ ਦੱਸੀ। ਉਹ ਮਰਹੂਮ ਜ਼ੁਲਫਕਾਰ ਅਲੀ ਭੁੱਟੋ ਦੇ ਸਮੇਂ ਸੀਨੀਅਰ ਸਰਕਾਰੀ ਅਧਿਕਾਰੀ ਸਨ। ਇਹ ਪੁੱਛੇ ਜਾਣ 'ਤੇ ਕਿ ਜੇਕਰ ਬੇਨਜ਼ੀਰ ਨੂੰ ਸੱਤਾ ਮਿਲ ਜਾਵੇ ਤਾਂ ਉਸ ਦੀ ਭਾਰਤ ਪ੍ਰਤੀ ਕੀ ਨੀਤੀ ਹੋਵੇਗੀ, ਸ੍ਰੀ ਅਹਿਮਦ ਨੇ ਕਿਹਾ ਕਿ ਉਹ ਸਾਰੇ ਗੁਆਂਢੀਆਂ, ਖਾਸ ਕਰਕੇ ਭਾਰਤ ਨਾਲ ਗੱਲਬਾਤ ਰਾਹੀਂ ਦੋਸਤਾਨਾ ਸਬੰਧ ਕਾਇਮ ਕਰਨ ਅਤੇ ਆਪਸੀ ਸਮੱਸਿਆਵਾਂ ਹੱਲ ਕਰਨ ਦੀ ਚਾਹਵਾਨ ਹੈ। ਉਨ੍ਹਾਂ ਕਿਹਾ ਕਿ ਮਿਸ ਭੁੱਟੋ ਜਨਰਲ ਜ਼ਿਆ ਦੀਆਂ ਜੱਕੋ ਤੱਕੋ ਵਾਲੀਆ ਤੋਲਵੀਆਂ ਨੀਤੀਆਂ ਦੇ ਬਿਲਕੁਲ ਖਿਲਾਫ ਹੈ ਜਿਸ ਅਧੀਨ ਇਕ 'ਅਨਪੜ੍ਹ' ਸਿਪਾਹੀ ਉਤੇ ਤਾਂ ਹਰ ਸਾਲ ਦੋ ਹਜ਼ਾਰ ਡਾਲਰ ਖਰਚ ਕੀਤੇ ਜਾਂਦੇ ਹਨ ਪਰ ਇਕ ਆਮ ਨਾਗਰਿਕ ਉਤੇ ਸਿਰਫ ਦੋ ਡਾਲਰ, ਜਿਸ ਕਾਰਨ ਉਸ ਦੇ ਵਿਕਾਸ ਦਾ ਕੋਈ ਰਾਹ ਹੀ ਨਹੀਂ ਬਚਦਾ।

ਨਸੀਰ ਅਹਿਮਦ ਅਨੁਸਾਰ ਬੇਨਜ਼ੀਰ ਭੁੱਟੋ ਪਾਕਿਸਤਾਨ ਲਈ ਅਮਰੀਕੀ ਸਹਾਇਤਾ ਦੇ ਖਿਲਾਫ ਨਹੀਂ, ਪਰ ਉਹ ਆਧੁਨਿਕ ਹਥਿਆਰਾਂ ਨੂੰ ਇਸ ਖਿੱਤੇ ਵਿਚ ਲਿਆਏ ਜਾਣ ਦੇ ਖਿਲਾਫ ਹੈ ਜਿਸ ਨਾਲ ਹਿੰਦ ਉਪ ਮਹਾਂਦੀਪ ਵਿਚ ਹਥਿਆਰਾਂ ਦੀ ਦੌੜ ਨੂੰ ਹੀ ਉਤਸ਼ਾਹ ਮਿਲਦਾ ਹੈ।

ਪਾਕਿਸਤਾਨ ਵਾਪਸੀ ਤੋਂ ਬਾਦ ਜਨਤਾ ਉਤੇ ਪਾਏ ਪ੍ਰਭਾਵ ਬਾਰੇ ਬੋਲਦੇ ਹੋਏ ਉਨ੍ਹਾਂ ਕਿਹਾ ਕਿ ਬੇਨਜ਼ੀਰ ਇਕ ਪ੍ਰੌੜ੍ਹ ਸਿਆਸਤਦਾਨ ਸਾਬਤ ਹੋਈ ਹੈ ਅਤੇ ਜਨਤਾ ਦੀ ਤਾਕਤ ਉਸਦੇ ਮਗਰ ਹੈ, ਜਿਸ ਦੀ ਵਰਤੋਂ ਉਹ ਫਿਲਪੀਨਜ਼ ਦੀ ਕੋਰੀ ਅਕੀਨੋ ਵਾਂਗ ਜਨਰਲ ਜ਼ਿਆ ਦਾ ਤਖਤਾ ਉਲਟਾਉਣ ਲਈ ਕਰੇਗੀ। ਕੀ ਅਮਰੀਕਾ ਫਿਲਪੀਨਜ਼ ਵਾਂਗ ਹੀ 'ਲੋਕ ਸ਼ਕਤੀ' ਅਗੇ ਜ਼ਿਆ ਦੀ ਹਮਾਇਤ ਵਾਪਸ ਲਵੇਗਾ? ਇਸ ਸਵਾਲ ਦੇ ਜਵਾਬ ਵਿਚ ਨਸੀਰ ਅਹਿਮਦ ਨੇ ਕਿਹਾ ਕਿ ਅਮਰੀਕਾ ਦਿਲਚਸਪੀ ਲੈ ਰਿਹਾ ਹੈ ਅਤੇ ਸਥਿਤੀ ਉਤੇ ਨਜ਼ਰ ਰਖ ਰਿਹਾ ਹੈ। ਐਟਮੀ ਪਰੋਗਰਾਮ ਦੇ ਮਸਲੇ ਬਾਰੇ ਮਿਸ ਭੁੱਟੋ ਦੀਆਂ ਨੀਤੀਆਂ ਬਾਰੇ ਅਤੇ ਕਥਿਤ 'ਇਸਲਾਮੀ ਬੰਬ' ਬਾਰੇ ਉਨ੍ਹਾਂ ਕਿਹਾ ਕਿ ਬੇਨਜ਼ੀਰ ਐਟਮੀ ਹਥਿਆਰਾਂ ਦੇ ਖਿਲਾਫ ਹੈ, ਪਰ ਚਾਹੁੰਦੀ ਹੈ ਕਿ ਐਟਮੀ ਊਰਜਾ ਦੀ ਵਰਤੋਂ ਪੁਰਅਮਨ ਮੰਤਵਾਂ ਲਈ ਕੀਤੀ ਜਾਵੇ। ਉਹ ਕੱਟੜਪੰਥੀ ਮੁਲਾਣਿਆਂ ਦੇ ਵੀ ਵਿਰੁੱਧ ਹੈ। ਇਹ ਪੁੱਛੇ ਜਾਣ 'ਤੇ ਕਿ ਬੇਨਜ਼ੀਰ ਭੁੱਟੋ ਹੁਣ ਕੀ ਕਰੇਗੀ, ਉਨ੍ਹਾਂ ਕਿਹਾ ਕਿ ਉਹ ਪਹਿਲਾਂ ਜਨਰਲ ਜ਼ਿਆ ਨੂੰ ਸਮਾਂ ਦੇਵੇਗੀ ਕਿ ਆਜ਼ਾਦ ਤੇ ਨਿਰਪੱਖ ਚੋਣਾਂ ਕਰਵਾਉਣ ਦੀ ਲੋਕਾਂ ਦੀ ਮੰਗ ਪ੍ਰਵਾਨ ਕਰ ਲਵੇ। ਉਸ ਤੋਂ ਬਾਅਦ ਹੀ ਕੋਈ ਅਗਲਾ ਕਦਮ ਸੋਚਿਆ ਜਾਵੇਗਾ।

ਸੰਜੇ : ਭਾਈ ਸਾਹਿਬ ! ਹਲਵਾ ਬਣ ਰਿਹਾ ਹੈ।

ਭਾਈ ਸਾਹਿਬ : ਸਾਨੂੰ ਕੀ ?

ਸੰਜੇ : ਭਾਈ ਸਾਹਿਬ ਤੁਹਾਡੇ ਲਈ ਹੀ ਤੇ ਬਣ ਰਿਹਾ ਹੈ।

ਭਾਈ ਸਾਹਿਬ : ਫਿਰ ਤੁਹਾਨੂੰ ਕੀ ?

ਕਮਿਊਨਿਟੀ ਵਿਚ ਸ਼ਰਾਬ ਦੀ ਦੁਰਵਰਤੋਂ ਨੂੰ ਰੋਕਣ ਦੀ ਲੋੜ



ਉੱਜਲ ਦੁਸਾਂਝ

ਪਿਛਲੇ ਦਿਨੀਂ ਵੈਨਕੂਵਰ ਸੰਨ ਵਿਚ ਮੋਟੇ ਅੱਖਰਾਂ ਵਿਚ ਲਿਖੀ ਇਕ ਖਬਰ ਪੜ੍ਹਨ ਦਾ ਮੌਕਾ ਮਿਲਿਆ — ਜਿਸ ਦਾ ਸਬੰਧ ਸਾਰੀ ਭਾਰਤੀ ਕਮਿਊਨਿਟੀ ਨਾਲ ਸੀ। ਇਹ ਕੋਈ ਇੱਜ਼ਤ ਜਾਂ ਮਾਣ ਮਹਿਸੂਸ ਕਰਨ ਵਾਲੀ ਖਬਰ ਭੀ ਨਹੀਂ ਸੀ ਇਹ ਤਾਂ ਸਿਰਫ ਪੜ੍ਹ ਕੇ ਨਮੋਸ਼ੀ ਮਹਿਸੂਸ ਕਰਨ ਵਾਲੀ ਸੀ। ਜਾਂ ਫਿਰ ਗੁੱਸਾ ਲਿਆਉਣ ਵਾਲੀ ਸੀ। ਥੋੜੀ ਜਿਹੀ ਸ਼ਰਮ ਭੀ ਮਹਿਸੂਸ ਹੁੰਦੀ ਸੀ ਇਹ ਖਬਰ ਪੜ੍ਹ ਕੇ। ਇਸ ਖਬਰ ਦਾ ਕਿਸੇ ਚੋਰੀ, ਡਾਕੇ, ਕੁੱਟ-ਮਾਰ ਜਾਂ ਕਤਲ ਨਾਲ ਸਿੱਧਾ ਸਬੰਧ ਨਹੀਂ ਸੀ। ਇਕ ਸਧਾਰਨ, ਪਰ ਅਸਧਾਰਨ ਖਬਰ ਸੀ ਕਿ ਭਾਰਤੀਆਂ ਵਿਚ ਸ਼ਰਾਬ ਦੀ ਵਰਤੋਂ ਅਤੇ ਆਦੀ ਸ਼ਰਾਬੀਆਂ ਦੀ ਗਿਣਤੀ ਕੁਝ ਜ਼ਿਆਦਾ ਹੀ ਹੈ ਅਤੇ ਇਸ ਮੁਸ਼ਕਲ ਦੇ ਹਲ ਲਈ ਵੈਨਕੂਵਰ ਦਾ ਸਿਹਤ ਵਿਭਾਗ ਕਮਿਊਨਿਟੀ 'ਚ ਸਮਾਜਿਕ ਸੇਵਾਵਾਂ ਦੇ ਦਫਤਰਾਂ ਨਾਲ ਰਲ ਕੇ ਕਦਮ ਪੁੱਟ ਰਿਹਾ ਹੈ।

ਇਹ ਸ਼ਰਾਬ ਦੀ ਜ਼ਿਆਦਾ ਵਰਤੋਂ ਦੀ ਖਬਰ ਕੋਈ ਨਵੀਂ ਨਹੀਂ। ਸਾਨੂੰ ਸਾਰਿਆਂ ਨੂੰ ਇਹ ਮਾਲੂਮ ਹੈ ਕਿ ਇਹ ਬਹੁਤ ਦੇਰ ਤੋਂ ਕਮਿਊਨਿਟੀ ਦੇ ਕੁਝ ਵਿਅਕਤੀਆਂ ਲਈ ਇਕ ਮਸਲਾ ਰਹੀ ਹੈ। ਕਈ ਸਿਆਸੀ ਮਨੁੱਖ ਇਹ ਭੀ ਕਹਿਣਗੇ ਕਿ ਜਿਸ ਸਮਾਜਿਕ ਅਤੇ ਸਿਆਸੀ ਢਾਂਚੇ ਦਾ ਅਸੀਂ ਹਿੱਸਾ ਹਾਂ — ਉਸੇ ਵਿਚ ਇਹੋ ਜਿਹੀਆਂ ਮੁਸ਼ਕਲਾਂ - ਖਾਸ ਕਰਕੇ ਬੇਹੱਦ ਬੇਰੁਜ਼ਗਾਰੀ ਅਤੇ ਵਧ ਰਹੀ ਗਰੀਬੀ ਦੇ ਦਿਨਾਂ 'ਚ ਪੇਸ਼ ਆਉਣੀਆਂ ਕੁਦਰਤੀ ਹਨ। ਪਰ ਫਿਰ ਭੀ ਕਿਸੇ ਸਿਆਸੀ ਪਲਟੇ ਦੀ ਉਡੀਕ 'ਚ ਇਸ ਮਥਸ਼ਕਲ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ।

ਇਸ ਮੁਸ਼ਕਲ ਦਾ ਸ਼ਹਿਰ ਦੇ ਪੱਧਰ ਪੁਰ ਹਲ ਤਾਂ ਵੈਨਕੂਵਰ ਸਿਟੀ ਅਤੇ ਸਮਾਜਿਕ ਸੇਵਾ ਦੀਆਂ ਏਜੰਸੀਆਂ ਹੀ ਕਰ ਸਕਦੀਆਂ ਹਨ। ਪਰ ਇਹ ਸਿਰਫ ਵੈਨਕੂਵਰ ਸ਼ਹਿਰ 'ਚ ਹੀ ਨਹੀਂ — ਸਾਰੇ ਬੀ. ਸੀ. 'ਚ ਸਾਨੂੰ ਇਸ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਤੇ ਇਸੇ ਕਾਰਨ ਇਸ ਦੇ ਹਲ ਭੀ ਵੱਡੇ ਪੱਧਰ ਪੁਰ ਲੱਭਣੇ ਪੈਣਗੇ।

ਸਾਡੀ ਨੌਜਵਾਨ ਪੀੜ੍ਹੀ ਨੂੰ ਚਾਹੀਦਾ ਹੈ ਕਿ ਇਸ ਸ਼ਰਾਬਖੋਰੀ ਦੀ ਬੀਮਾਰੀ ਦੇ ਖਿਲਾਫ ਆਪਣੇ ਆਪਣੇ ਘਰਾਂ ਵਿਚ ਜਦੋ ਜਹਿਦ ਕਰਨ। ਇਸ ਬੀਮਾਰੀ ਦੇ ਮਰੀਜ਼ ਆਮ ਕਰਕੇ ਪੁਰਸ਼ ਹਨ। ਨਾ ਪੀਣ ਜਾਂ ਘੱਟ ਪੀਣ ਵਾਲੇ ਪੁਰਸ਼ਾਂ ਨੂੰ ਚਾਹੀਦਾ ਹੈ ਕਿ ਪੀਣ ਵਾਲੇ ਦੋਸਤਾਂ ਮਿੱਤਰਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਜਾਵੇ। ਇਸਤਰੀਆਂ ਨੂੰ ਚਾਹੀਦਾ ਹੈ ਕਿ ਉਹ ਭੀ ਇਸਦੇ ਖਿਲਾਫ ਮੁਹਿੰਮ ਜਥੇਬੰਦਕ ਤੌਰ ਅਤੇ ਵਿਅਕਤੀਗਤ ਅਤੇ ਪ੍ਰੀਵਾਰਕ ਪੱਧਰ ਪੁਰ ਚਲਾਉਣ। ਸ਼ਰਾਬ ਦੀ ਜ਼ਿਆਦਾ ਵਰਤੋਂ ਦੇ ਨੁਕਸਾਨਾਂ ਵਾਰੇ ਅਸੀਂ ਸਾਰੇ ਹੀ ਜਾਣਦੇ ਹਾਂ। ਫਿਰ ਭੀ ਕਮਿਊਨਿਟੀ ਦੇ (ਹਿੰਦੁਸਤਾਨੀ) ਡਾਕਟਰਾਂ ਨੂੰ ਚਾਹੀਦਾ ਹੈ ਕਿ ਵੱਖਰੀਆਂ ਵੱਖਰੀਆਂ ਭਾਸ਼ਾਵਾਂ — ਹਿੰਦੀ, ਪੰਜਾਬੀ, ਗੁਜਰਾਤੀ ਆਦਿ ਵਿਚ ਲੇਖ ਲਿਖਣ। ਇਸੇ ਤਰ੍ਹਾਂ ਸਮਾਜਿਕ ਸੇਵਾ ਦਫਤਰਾਂ 'ਚ ਕੰਮ ਕਰਦੇ ਸੋਸ਼ਲ ਵਰਕਰਾਂ ਅਤੇ ਕਮਿਊਨਿਟੀ ਵਰਕਰਾਂ ਨੂੰ ਭੀ ਆਪਣੇ ਵਲੋਂ ਜਾਣਕਾਰੀ ਭਰਪੂਰ ਲੇਖ ਲਿਖਣੇ ਚਾਹੀਦੇ ਹਨ। ਇਹਨਾਂ ਲੇਖਾਂ 'ਚ ਸਮਾਜਿਕ ਅਤੇ ਸਿਆਸੀ ਆਧਾਰਾਂ ਨੂੰ ਧਿਆਨ ਗੋਚਰੇ ਰੱਖਦਿਆਂ — ਸ਼ਰਾਬ-ਖੋਰੀ ਦੇ ਕਾਰਨਾਂ ਅਤੇ ਰੋਕ ਥਾਮ ਦੇ ਉਪਾਆਂ ਵਾਰੇ ਲੋਕਾਂ ਦੀ (ਸਰਲ) ਜ਼ਬਾਨ 'ਚ ਜਾਣਕਾਰੀ ਦਿਤੀ ਜਾਣੀ ਚਾਹੀਦੀ ਹੈ।

ਉਹ ਵਿਅਕਤੀ ਜਿਹਨਾਂ ਨੇ ਜ਼ਿਆਦਾ ਸ਼ਰਾਬ ਪੀਣ ਦੀ ਆਦਤ ਛੱਡ ਕੇ ਇਸ ਪੁਰ ਕੰਟਰੋਲ ਕਰ ਲਿਆ ਹੋਵੇ ਜਾਂ ਸ਼ਰਾਬ ਬਿਲਕੁਲ ਛੱਡ ਦਿਤੀ ਹੋਵੇ, ਉਹ ਆਪਣੇ ਆਪਣੇ ਤਜਰਬੇ ਸਾਰੇ ਲੋਕਾਂ ਨਾਲ ਅਖਬਾਰਾਂ ਰਾਹੀਂ ਸਾਂਝੇ ਕਰਨ ਤਾਂਕਿ ਸਾਡੇ ਸਮਾਜਿਕ ਦਾਇਰੇ 'ਚੋਂ ਦੀ ਵਿਚਰ ਰਹੇ ਵਿਅਕਤੀਆਂ ਦੇ ਤਜਰਬੇ ਤੋਂ ਸਾਡੇ ਜ਼ਿਆਦਾ ਪੀਣ ਵਾਲੇ ਪੁਰਸ਼, ਉਹਨਾਂ ਦੇ ਪ੍ਰੀਵਾਰ, ਦੋਸਤ, ਸੋਸ਼ਲ ਅਤੇ ਕਮਿਊਨਿਟੀ ਵਰਕਰ ਸਿੱਖ ਸਕਣ।

ਕਮਿਊਨਿਟੀ ਦੀਆਂ ਸਮਾਜਿਕ ਅਤੇ ਸੁਧਾਰਿਕ ਜਥੇਬੰਦੀਆਂ ਨੂੰ ਇਸ ਮਸਲੇ ਪੁਰ ਪੂਰਾ ਪੂਰਾ ਧਿਆਨ ਦੇਣਾ ਚਾਹੀਦਾ ਹੈ। ਔਰਤਾਂ ਦੀਆਂ ਜਥੇਬੰਦੀਆਂ ਦਾ ਇਸ ਵਿਚ ਬਹੁਤ ਮਹੱਤਵਪੂਰਨ ਰੋਲ ਹੋਵੇਗਾ ਕਿਉਂਕਿ ਔਰਤਾਂ ਦੇ ਖਿਲਾਫ ਮਾਨਸਿਕ ਅਤੇ ਸ਼ਰੀਰਕ ਤਸ਼ੱਦਦ (Mental & physical abuse) ਨਾਲ ਸ਼ਰਾਬ ਦੀ ਵਰਤੋਂ ਦਾ ਕਾਫੀ, ਸਿੱਧਾ ਜਾਂ ਅਸਿੱਧਾ, ਸਬੰਧ ਹੁੰਦਾ ਹੈ। ਔਰਤਾਂ ਦੀ ਕੁੱਟ-ਮਾਰ ਦੀਆਂ ਸ਼ਕਾਇਤਾਂ ਸ਼ਰਾਬ ਦੀ ਵਰਤੋਂ ਤੋਂ ਬਿਨ੍ਹਾਂ ਭੀ ਬਹੁਤ ਹਨ — ਆਪਣੀ ਕਮਿਊਨਿਟੀ 'ਚ — ਜਿਵੇਂ ਦੂਸਰੀਆਂ ਕਮਿਊਨਿਟੀਆਂ 'ਚ ਭੀ ਹਨ। ਪਰ ਸ਼ਰਾਬ ਨਾਲ ਸਬੰਧਤ ਕੇਸਾਂ ਦੀ ਗਿਣਤੀ ਦਿਨ ਬਦਿਨ ਵਧਦੀ ਜਾ ਰਹੀ ਹੈ। ਔਰਤਾਂ ਨੂੰ ਚਾਹੀਦਾ ਹੈ ਕਿ ਸ਼ਰਾਬ ਦੀ ਵਰਤੋਂ ਦੇ ਖਿਲਾਫ ਮੁਹਿੰਮ ਨੂੰ ਕੁੱਟ-ਮਾਰ ਦੇ ਖਿਲਾਫ, ਅਤੇ ਵਿਅਕਤੀ ਜ਼ੁਲਮ ਦੇ ਖਿਲਾਫ ਮੁਹਿੰਮ ਨਾਲ ਜੋੜ ਕੇ ਜਥੇਬੰਦਕ ਤਰੀਕੇ ਨਾਲ ਚਲਾਉਣ। ਇਸ ਵਿਚ ਸਾਰਿਆਂ ਦਾ ਭਲਾ ਹੈ।

ਸ਼ਰਾਬ ਪੀ ਕੇ ਕਾਰਾਂ ਆਦਿ ਡਰਾਈਵ ਕਰਦੇ ਭੀ ਕਾਫੀ ਪੁਰਸ਼ ਪਕੜੇ ਜਾਂਦੇ ਹਨ। ਜੇ ਐਕਸੀਡੈਂਟ ਹੋ ਜਾਵੇ ਅਤੇ drinking & ਡਰਾਈਵਿੰਗ ਦਾ ਚਾਰਜ ਲੱਗ ਕੇ ਸਾਬਤ ਹੋ ਜਾਵੇ ਤਾਂ I.C.B.C. ਭੀ ਤੁਹਾਡੇ ਖਿਲਾਫ ਹੋਏ ਕੇਸ ਦੇ ਪੈਸੇ ਤੁਹਾਥੋਂ ਹੀ ਉਗਰਾਹੁੰਦੀ ਹੈ। ਇਸ ਸਾਰੇ ਦਾ ਭੀ ਤੁਹਾਡੀ ਮਾਨਸਿਕ, ਆਰਥਿਕ ਅਤੇ ਪ੍ਰੀਵਾਰਕ ਹਾਲਤ ਪੁਰ ਭੈੜਾ ਅਸਰ ਪੈਂਦਾ ਹੈ। ਭਾਵ ਕਿ ਇਕ ਤਰ੍ਹਾਂ ਤੁਹਾਡੀ ਕੀਤੀ ਦੀ ਸਜ਼ਾ ਤੁਹਾਡੇ ਪ੍ਰੀਵਾਰ (ਇਸਤਰੀ, ਬੱਚੇ, ਮਾਂ ਬਾਪ ਅਤੇ ਭੈਣ ਭਰਾ) ਨੂੰ ਭੁਗਤਣੀ ਪੈਂਦੀ ਹੈ।

ਇਕ ਹੋਰ ਹੈਰਾਨੀ ਵਾਲੀ ਗੱਲ ਹੈ। ਸਾਰੇ ਭਾਰਤੀ ਵੱਖਰੇ ਵੱਖਰੇ ਧਰਮਾਂ ਦੇ ਧਾਰਨੀ ਹਨ। ਕਈ ਭਾਰਤੀ ਧਰਮਾਂ ਦੇ ਨਾਮ ਪੁਰ ਵੱਢ ਟੁੱਕ ਕਰਨ ਵਿਚ ਬੜੇ ਹੁਸ਼ਿਆਰ ਰਹਿੰਦੇ ਹਨ ਅਤੇ ਇਸ ਵਿਚ ਫਖਰ ਸਮਝਦੇ ਹਨ। ਕਈ ਧਰਮ ਇਹ ਹਦਾਇਤ ਦਿੰਦੇ ਹਨ ਕਿ ਸ਼ਰਾਬ ਪੀਣੀ ਬਿਲਕੁਲ ਮਨ੍ਹਾ ਹੈ। ਕਈਆਂ ਧਰਤਾਂ ਦੇ ਮੁਤਾਬਿਕ ਨਸ਼ੇ ਦੀਆਂ ਵਸਤੂਆਂ ਦੀ ਵਰਤੋਂ ਕਰਨੀ ਸਹੀ ਅਸੂਲਾਂ ਦੇ ਉਲਟ ਹੈ। ਇਸ ਸਾਰੇ ਕੁਝ ਤੋਂ ਤਾਂ ਇੰਜ ਜਾਪਦਾ ਹੈ ਕਿ ਧਰਮਾਂ ਨੂੰ ਸਿਰਫ ਲੋਕਾਂ ਨੂੰ ਵੰਡਣ ਲਈ ਵਰਤਿਆ ਜਾ ਰਿਹਾ ਹੈ। ਧਰਮਾਂ ਦੀਆਂ ਚੰਗਿਆਈਆਂ ਦੀ ਵਰਤੋਂ ਬਹੁਤੇ ਸਧਾਰਨ ਲੋਕਾਂ ਦੀਆਂ ਆਮ ਜ਼ਿੰਦਗੀਆਂ ਵਿਚ ਨਹੀਂ ਹੋ ਰਹੀ। ਇਸ ਦਾ ਭਾਵ ਕਿ ਅਜੋਕੀਆਂ ਧਾਰਮਿਕ ਸੰਸਥਾਵਾਂ ਦਾ ਸਮਾਜ ਦੀਆਂ ਹਾਲਤਾਂ ਪੁਰ ਕੋਈ ਚੰਗਾ ਅਸਰ ਨਹੀਂ। ਚੰਗਾ ਹੋਵੇ ਜੇ ਧਾਰਮਿਕ ਅਦਾਰਿਆਂ ਨੂੰ ਲੋਕਾਂ ਦੀ ਜ਼ਿੰਦਗੀ ਦੀਆਂ ਰੋਜ਼ਾਨਾ ਮੁਸ਼ਕਲਾਂ ਨਾਲ ਲਗਾਅ ਸ਼ੁਰੂ ਹੋਵੇ ਤਾਂ ਕਿ ਧਰਮ ਮਨੁੱਖੀ ਜਾਮਾ ਪਹਿਨੇ।

ਹਾਂ ਸੱਚ ਗੱਲ ਕਰ ਰਹੇ ਸਨ — ਸ਼ਰਾਬ ਦੀ ਜ਼ਿਆਦਾ ਵਰਤੋਂ ਦੇ ਖਿਲਾਫ ਇਲਾਜ ਅਤੇ ਉਪਾਅ ਲੱਭਣ ਦੀ। ਸਾਰੇ ਲੋਕਾਂ ਨੂੰ ਘਰੋ ਘਰ ਚੇਤੰਨ ਹੋਣਾ ਚਾਹੀਦਾ ਹੈ ਇਸ ਮਰਜ਼ ਬਾਰੇ। ਕੁਝ ਆਪਣੇ ਪੇਂਡੂ ਸਮਾਜ ਦੇ ਤੌਰ ਤਰੀਕਿਆਂ ਦਾ ਕਸੂਰ ਭੀ ਹੁੰਦਾ ਹੈ। ਆਏ ਗਏ ਤੇ — ਪ੍ਰਾਹੁਣਚਾਰੀ ਲਈ — ਜੇ ਬੋਤਲ ਕੱਢ ਕੇ ਮੇਜ਼ ਤੇ ਨਾ ਰੱਖੀ ਜਾਵੇ ਤਾਂ ਕਈ ਦਫਾ ਮਖੌਲ ਸਹਾਰਨੇ ਪੈਂਦੇ ਹਨ। ਉਹ ਮਖੌਲ ਸਾਨੂੰ ਖਿੜੇ ਮੱਥੇ ਸਹਾਰਨੇ ਚਾਹੀਦੇ ਹਨ ਉਹਨਾਂ 'ਚ ਪ੍ਰਾਹੁਣੇ ਦਾ ਭੀ ਭਲਾ ਹੈ ਅਤੇ ਘਰ ਵਾਲੇ ਦਾ ਭੀ। ਜਨਤਾ ਦਾ ਭੀ ਕਿਉਂਕਿ ਸੜਕਾਂ ਪੁਰ ਐਕਸੀਡੈਂਟ ਹੋ ਕੇ ਘੱਟ ਵਿਅਕਤੀ ਹਸਪਤਾਲਾਂ 'ਚ ਜਾਂ ਸ਼ਮਸ਼ਾਨ ਭੂਮੀ 'ਚ ਜਾਣਗੇ।

ਮੇਰਾ ਇਹ ਸਭ ਕੁਝ ਕਹਿਣ ਤੋਂ ਭਾਵ ਇਹ ਨਹੀਂ ਕਿ ਸਾਡੇ ਬਾਕੀ ਮਸਲੇ ਇੰਨੇ ਮਹੱਤਵਪੂਰਨ ਨਹੀਂ। ਸ਼ਰਾਬ ਦੀ ਖਪਤ ਘੱਟ ਹੋਣ ਜਾਂ ਬੰਦ ਹੋਣ ਨਾਲ ਸਿਆਸੀ ਇਨਕਲਾਬ (ਸਰਕਾਰੀ ਢਾਂਚੇ 'ਚ ਪਲਟਾ) ਨਹੀਂ ਆਉਣ ਲੱਗਾ। ਪਰ ਕਿਸੇ ਪ੍ਰੀਵਾਰ, ਕਿਸੇ ਮਨੁੱਖ ਦੀ ਜ਼ਿੰਦਗੀ ਸ਼ਰਾਬ ਦੀ ਗੁਲਾਮੀ ਤੋਂ ਆਜ਼ਾਦ ਜ਼ਰੂਰ ਹੋ ਸਕਦੀ ਹੈ — ਤਾਂ ਕਿ ਜੀਵਨ ਨੂੰ ਕਿਸੇ ਚੰਗੇ ਪਾਸੇ ਲਾਇਆ ਜਾ ਸਕੇ।

ਸਿਆਸੀ ਘਰੂਟ — ਘਰੂਟਾਂ ਵਾਲੇ ਦੀ ਕਲਮ ਤੋਂ

- ਸ਼ਬਾਨਾ ਸੰਘਰਸ਼ ਕਰੇਗੀ — ਮਾਸਿਕ ਲੋਕਤਾ
  — ਤੇ ਤੁਸੀਂ ਕੀ ਕਰੋਗੇ ਸੂਫੀ ਜੀ
- ਦਰਬਾਰ ਸਾਹਿਬ 'ਤੇ ਫੇਰ ਹਮਲਾ — ਰਣਜੀਤ
  — ਲਓਂਗੇ ਹੁਣ ਫੇਰ ਬਦਲਾ
- ਜ਼ਿਆ ਦੀ ਨੀਂਦ ਹਰਾਮ — ਸੰਘਰਸ਼
  — ਹਮਦਰਦਾਂ ਦਾ ਕੀ ਹੋਵੇਗਾ ਅੰਜਾਮ
- ਦੇਸ਼ ਦੇ ਟੁਕੜੇ ਹੋਣੇ ਅਟੱਲ ਹਨ — ਐਡੀ: ਰਣਜੀਤ
  — ਵਿਚਾਰੇ ਜੈਤਲੀ ਦੀ ਕਿਉਂ ਰੁਜ਼ਗਾਰ ਮਾਰਨ ਡਹੇ ਹੋ
- ਵਿਸ਼ੇਸ਼ ਪਰ ਸੰਖੇਪ — ਰਣਜੀਤ
  — ਕੋਈ ਮਤਲਬ ਨਹੀਂ ਤਿੰਨਾ ਹਫਤਿਆਂ ਬਾਅਦ ਦੇਣ ਦਾ।
- ਅਤਿਵਾਦੀਆਂ ਨੂੰ ਟਰੇਨਿੰਗ — ਰਣਜੀਤ
  — ਆਪਾਂ ਵੀ ਲਈਏ ਹੁਣ ਟਰੇਨਿੰਗ
- ਐਕਟਰ ਕਿਵੇਂ ਬਣਦੇ ਹਨ ? — ਸੰਘਰਸ਼
  — ਮੌਕੇ ਮੁਤਾਬਕ ਐਕਟਿੰਗ ਕਰਕੇ।
- ਹਮ ਹਿੰਦੂ ਨਹੀਂ — ਕੈ: ਦਰਪਣ
  — ਤੁਸੀਂ ਫਿਰਕੂ ਜਨੂੰਨੀ ਵੀ ਨਹੀਂ।
- ਮਜ਼ਦੂਰ ਦਿਵਸ ਦੀ ਸੌ ਸਾਲਾ ਬਰਸੀ — ਸੰਪਾਦਕੀ ਕੈ: ਦਰਪਣ
  — ਸਮਕਾਲੀਆਂ ਲਈ ਇਸ ਦਾ ਕੋਈ ਮਹੱਤਵ ਨਹੀਂ।
- ਨੱਥਾ ਸਿੰਘ ਦੀ ਗੱਪ — ਇੰ: ਕੈ: ਟਾਈ:
  — ਹੋਰ ਹੁੰਦਾ ਵੀ ਕੀ ਹੈ ਇਸ ਵਿਚ
- ਮੁਖਬਰ ਬਣੋ — ਇੰ: ਕੈ: ਟਾਈ:
  — ਤੇ ਦਾਅ ਪੇਚ ਤੁਹਾਥੋਂ ਸਿਖੋ।

ਬੇਨਜ਼ੀਰ ਤੇ ਖਾਲਸਤਾਨ

ਪਾਕਿਸਤਾਨ ਦੀ ਕੁਮਾਰੀ ਬੇਨਜ਼ੀਰ ਭੁੱਟੋ ਨੇ ਜਨਰਲ ਜ਼ਿਆ ਨੂੰ ਦੋ ਵਾਰਨਿੰਗਾਂ ਦਿੱਤੀਆਂ ਹਨ। ਇਕ ਤਾਂ ਇਹ ਕਿ ਪਾਕਿਸਤਾਨ ਵਿਚ ਤੁਰੰਤ ਚੋਣਾਂ ਕਰਵਾ ਕੇ ਰਾਜਸੀ ਪਾਵਰ ਜੇਤੂ ਪਾਰਟੀ ਦੇ ਹਵਾਲੇ ਕਰ ਦਿੱਤੀ ਜਾਵੇ ਤੇ ਦੂਜੀ ਇਹ ਕਿ ਖਾਲਿਸਤਾਨੀਆਂ ਦੀ ਕਿਸੇ ਗੱਲੋਂ ਪਿੱਠ ਨਾ ਠੋਕੀ ਜਾਵੇ। ਕਿਉਂਕਿ ਜੇ ਖਾਲਸਤਾਨ ਬਣ ਗਿਆ ਤਾਂ ਉਨ੍ਹਾਂ ਨੇ ਪਾਕਿਸਤਾਨ ਨੂੰ ਕਹਿਣਾ ਹੈ ਕਿ ਸਾਨੂੰ ਸਾਡਾ ਲਾਹੌਰ ਮੋੜੋ, ਇਹ ਕਿਸੇ ਸਮੇਂ ਸਾਡੀ ਰਾਜਧਾਨੀ ਹੋਇਆ ਕਰਦਾ ਸੀ।

ਦਸ ਸਾਲ ਹੋਏ ਭਾਰਤ ਦੇ ਕੁਝ ਪੱਤਰਕਾਰ ਜਨਰਲ ਜ਼ਿਆ ਨੂੰ ਮਿਲੇ ਤੇ ਉਨ੍ਹਾਂ ਵਿਚੋਂ ਇਕ ਕਹਿਣ ਲੱਗਾ, "ਜਨਰਲ ਸਾਹਿਬ ਅਸੀਂ ਸੁਣਿਆ ਹੈ ਕਿ ਪਾਕਿਸਤਾਨ ਦੇ ਕੁਝ ਲੋਕ ਖਾਲਸਤਾਨੀਆਂ ਦੀ ਹੌਸਲਾ ਅਫਜ਼ਾਈ ਕਰਦੇ ਹਨ। ਕੀ ਤੁਸੀਂ ਜਾਣਦੇ ਹੋ ਕਿ ਜੇ ਖਾਲਸਤਾਨ ਬਣ ਗਿਆ ਤਾਂ ਉਨ੍ਹਾਂ ਨੇ ਤੁਹਾਡੇ ਕੋਲੋਂ ਆਪਣਾ ਲਾਹੌਰ ਵਾਪਸ ਮੰਗਣਾ ਹੈ, ਫੇਰ ਕੀ ਕਰੋਗੇ? ਜਨਰਲ ਜ਼ਿਆ ਮੁਸਕਰਾਉਂਦੇ ਹੋਏ ਕਹਿਣ ਲੱਗੇ, "ਇਕੱਲਾ ਲਾਹੌਰ ਕਿਉਂ? ਖਾਲਸਿਆਂ ਨੇ ਤਾਂ ਜਮਰੌਦ ਤਕ ਝੰਡਾ ਝੁਲਾਇਆ ਸੀ, ਉਹ ਮੰਗਣ 'ਤੇ ਆਏ ਤਾਂ ਨਨਕਾਣਾ ਸਾਹਿਬ ਵੀ ਮੰਗਣਗੇ, ਪੰਜਾ ਸਾਹਿਬ ਵੀ, ਲਾਇਲਪੁਰ ਦੀਆਂ ਬਾਰਾਂ ਵੀ ਅਤੇ ਫਰੰਟੀਅਰ ਵਿਚ ਜਮਰੌਦ ਦਾ ਕਿਲਾ ਵੀ। ਇਸ ਧਰਤੀ ਉਤੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਰਿਹਾ ਹੈ, ਉਸ ਦੇ ਇਕ ਜਰਨੈਲ ਨੇ ਤਿੱਬਤ ਵੀ ਫਤਹਿ ਕਰ ਲਿਆ ਸੀ। ਹੋ ਸਕਦਾ ਹੈ, ਉਹ ਚੀਨ ਤੋਂ ਤਿੱਬਤ ਵੀ ਮੰਗਣ। ਸਿੱਖਾਂ ਨੇ ਦਿੱਲੀ ਵੀ ਫਤਹਿ ਕੀਤੀ ਸੀ, ਇਹ ਤੁਹਾਡੇ ਕੋਲੋਂ ਮੰਗਣਗੇ। ਫੇਰ ਸਿੱਖਾਂ ਨੂੰ ਇਹ ਵੀ ਪਤਾ ਹੈ ਕਿ ਉਨ੍ਹਾਂ ਦਾ ਹਜ਼ੂਰ ਸਾਹਿਬ ਕਿੱਥੇ ਹੈ, ਪਟਨਾ ਸਾਹਿਬ ਕਿੱਥ ਹੇ। ਅਜਮੇਰ ਸ਼ਰੀਫ ਕਿੱਥੇ ਹੈ। ਗੁਰੂ ਨਾਨਕ ਨੇ ਰੀਠੇ ਕਿੱਥੇ ਮਿੱਠੇ ਕੀੜੇ ਸਨ। ਇਸ ਹਿਸਾਬ ਨਾਲ ਤਾਂ ਸਾਰਾ ਪਾਕਿਸਤਾਨ ਤੇ ਸਾਰਾ ਹਿੰਦੁਸਤਾਨ ਇਕੱਠਾ ਕਰ ਕੇ ਵੀ ਖਾਲਸਤਾਨ ਨੂੰ ਹੀ ਦੇਣਾ ਪਵੇਗਾ। ਪਰ ਏਨੀ ਚਿੰਤਾ ਵਿਚ ਪੈਣ ਦੀ ਥਾਂ ਤੁਸੀਂ ਭਾਰਤ ਦੇ ਸਿੱਖਾਂ ਨੂੰ ਬਰਾਬਰ ਦੇ ਅਧਿਕਾਰ ਦੇ ਕੇ ਉਨ੍ਹਾਂ ਨੂੰ ਬੇ-ਫਿਕਰ ਕਿਉਂ ਨਹੀਂ ਕਰ ਦਿੰਦੇ। ਅੱਜ ਦੇ ਯੁਗ ਵਿਚ ਵੱਖਰੇ ਦੇਸ਼ਾਂ ਨਾਲੋਂ ਸਾਂਝੇ ਭਾਈਚਾਰਕ ਹੱਕ ਵਧੇਰੇ ਚੰਗੇ ਲਗਦੇ ਹਨ।

—ਚਾਚਾ ਚੰਡੀਗੜ੍ਹੀਆ

'ਪ੍ਰੀਜ਼ੀਡੀਅਮ' ਦੇ ਦਾਅਵੇ ਨੂੰ ਝੁਠਲਾਇਆ

ਅੰਮ੍ਰਿਤਸਰ — ਦਮਦਮੀ ਟਕਸਾਲ ਦੇ ਕਾਰਜਕਾਰੀ ਮੁਖੀ ਬਾਬਾ ਠਾਕਰ ਸਿੰਘ ਨੇ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ "ਪ੍ਰੀਜ਼ੀਡੀਅਮ" ਮੈਂਬਰਾਂ ਵਲੋਂ ਕੀਤੇ ਇਸ ਦਾਅਵੇ ਨੂੰ ਝੁਠਲਾਇਆ ਕਿ "ਪ੍ਰੀਜ਼ੀਡੀਅਮ" ਨੂੰ ਟਕਸਾਲ ਦਾ ਪੂਰਾ ਭਰੋਸਾ ਪ੍ਰਾਪਤ ਹੈ। ਪ੍ਰੀਜ਼ੀਡੀਅਮ ਨੇ ਇਸ ਦਾਅਵੇ ਨੂੰ "ਫਜ਼ੂਲ ਸ਼ਰਾਰਤ ਭਰਿਆ ਤੇ ਗੁੰਮਰਾਹਕੁੰਨ ਕਰਾਰ ਦਿੰਦਿਆਂ ਬਾਬਾ ਠਾਕਰ ਸਿੰਘ ਨੇ ਆਪਣੇ ਦਸਤਖਤਾਂ ਹੇਠ ਜਾਰੀ ਇਕ ਲਿਖਤੀ ਬਿਆਨ ਵਿਚ ਕਿਹਾ ਕਿ ਟਕਸਾਲ ਨੇ ਆਪਣੇ ਹਰੇਕ ਮੈਂਬਰ ਦੀ ਸਲਾਹ ਲੈਣ ਬਾਅਦ ਪੰਥਕ ਹਿਤਾਂ ਨੂੰ ਧਿਆਨ ਵਿਚ ਰਖਦਿਆਂ ਸ: ਹਰਿੰਦਰ ਸਿੰਘ ਕਾਹਲੋਂ ਦੀ ਅਗਵਾਈ ਹੇਠਲੀ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੀ ਸੱਤ ਮੈਂਬਰੀ ਐਡਹਾਕ ਕਮੇਟੀ ਨੂੰ ਪੂਰੀ ਪੂਰੀ ਹਮਾਇਤ ਦੇਣ ਦਾ ਫੈਸਲਾ ਕੀਤਾ।

"ਪ੍ਰੀਜ਼ੀਡੀਅਮ" ਨੇ ਕੁਝ ਅਖਬਾਰਾਂ ਵਿਚ ਇਸ਼ਤਿਹਾਰ ਦਿੱਤਾ ਹੈ ਕਿ ਇਸ ਨੂੰ ਟਕਸਾਲ ਦੀ ਹਮਾਇਤ ਪ੍ਰਾਪਤ ਹੈ ਤੇ ਕਾਹਲੋਂ ਨੇ ਆਪਣੇ ਧੜੇ ਲਈ ਟਕਸਾਲ ਦੀ ਹਮਾਇਤ ਦਾ ਐਲਾਨ ਕਰਾਉਣ ਲਈ ਬਾਬਾ ਠਾਕਰ ਸਿੰਘ ਨੂੰ "ਗੁੰਮਰਾਹ" ਕੀਤਾ। ਬਾਬਾ ਠਾਕਰ ਸਿੰਘ ਨੇ ਚਿਤਾਵਨੀ ਦਿਤੀ ਹੈ ਕਿ ਕਿਸੇ ਵੀ ਵਿਅਕਤੀ ਨੂੰ ਟਕਸਾਲ ਦੀ ਤਰਫੋਂ ਅਜਿਹੇ ਗੁੰਮਰਾਹਕੁੰਨ ਤੇ ਸ਼ਰਾਰਤੀ ਕਿਸਮ ਦੇ ਬਿਆਨ ਦੇਣ ਦਾ ਕੋਈ ਅਧਿਕਾਰ ਨਹੀਂ ਜਿਸ ਨਾਲ ਸਿੱਖਾਂ ਦੇ ਮਨਾਂ 'ਚ ਭੁਲੇਖੇ ਪੈਦਾ ਹੁੰਦੇ ਹੋਣ। ਉਨ੍ਹਾਂ ਕਿਹਾ ਕਿ ਅਜਿਹੀਆਂ ਕਾਰਵਾਈਆਂ ਕਰਨ ਵਾਲੇ ਅਨਸਰ ਟਕਸਾਲ ਨੂੰ ਲੋਕਾਂ ਦੀਆਂ ਨਜ਼ਰਾਂ ਵਿਚ ਨੀਵਾਂ ਦਿਖਾਉਣ ਦਾ ਯਤਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਸਬੰਧੀ ਟਕਸਾਲ 'ਚ ਕੋਈ ਦੋ ਰਾਵਾਂ ਨਹੀਂ। ਬਾਬਾ ਠਾਕਰ ਸਿੰਘ ਨੇ ਪ੍ਰੀਜ਼ੀਡੀਅਮ ਦੇ ਸਕੱਤਰ, ਜਿਸ ਦੇ ਨਾਂ ਹੇਠ ਅਖਬਾਰਾਂ ਵਿਚ ਇਸ਼ਤਿਹਾਰ ਛਪਿਆ ਹੈ, ਨੂੰ ਕਿਹਾ ਹੈ ਕਿ ਟਕਸਾਲ ਦੇ ਅੰਦਰੂਲੀ ਮਾਮਲਿਆਂ 'ਚ "ਨਾਜਾਇਜ਼ ਦਖਲਅੰਦਾਜ਼ੀ" ਕਰਨ ਲਈ ਸ਼ਰੇਆਮ ਮੁਆਫੀ ਮੰਗੇ ਨਹੀਂ ਤਾਂ ਉਹ ਇਸ ਦੇ ਨਤੀਜੇ ਭੁਗਤਣ ਲਈ ਤਿਆਰ ਰਹੇ।

ਕੇਂਦਰ ਸਰਕਾਰ ਸਮਝੌਤੇ ਪ੍ਰਤੀ ਈਮਾਨਦਾਰ ਨਹੀਂ

ਨਵੀਂ ਦਿੱਲੀ, (ਪੱਤਰ ਪ੍ਰੇਰਕ) — ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਸ. ਗੁਰਚਰਨ ਸਿੰਘ ਟੌਹੜਾ ਨੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਭਾਸ਼ਣ ਕਰਦਿਆਂ ਹੋਇਆਂ, ਕੇਂਦਰ ਸਰਕਾਰ ਉਤੇ ਦੋਸ਼ ਲਾਇਆ ਹੈ ਕਿ ਉਹ ਪੰਜਾਬ ਸਮਝੌਤੇ ਪ੍ਰਤੀ ਈਮਾਨਦਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਜੇਕਰ ਉਹ ਸਮਝੌਤੇ ਪ੍ਰਤੀ ਈਮਾਨਦਾਰ ਹੁੰਦੀ ਤਾਂ ਜੋਧਪੁਰ ਵਿਖੇ ਕੈਦ ਸਿੱਖਾਂ ਨੂੰ ਕਦੋਂ ਦਾ ਰਿਹਾ ਕਰ ਦਿੱਤਾ ਗਿਆ ਹੁੰਦਾ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਪੰਜਾਬ ਸਮਝੌਤੇ ਅਨੁਸਾਰ ਚੰਡੀਗੜ੍ਹ ਪੰਜਾਬ ਨੂੰ ਸੌਂਪੇ ਜਾਣ ਵਿਰੁਧ ਸਾਜ਼ਸ਼ ਕਰਨ ਦੀ, ਹਰਿਆਣਾ ਦੇ ਮੁਖ ਮੰਤਰੀ ਭਜਨ ਲਾਲ ਨੂੰ ਕਦਰ ਵਲ ਖੁੱਲ੍ਹੀ ਛੁੱਟੀ ਦਿੱਤੀ ਗਈ ਹੋਈ ਹੈ ਅਤੇ ਉਹ ਲਗਾਤਾਰ ਅਜਿਹੇ ਭਾਸ਼ਨ ਦੇ ਰਹੇ ਹਨ, ਜਿਨ੍ਹਾਂ ਤੋਂ ਕੇਂਦਰ ਦੀ ਨੀਯਤ ਪ੍ਰਤੀ ਸ਼ੱਕ ਪੈਦਾ ਹੁੰਦਾ ਹੈ ਅਤੇ ਦਹਿਸ਼ਤਪਸੰਦਾਂ ਨੂੰ ਸ਼ਹਿ ਮਿਲਦੀ ਹੈ।

ਪਟਰੌਲ ਪੰਪ ਲੁੱਟਿਆ

ਜਲੰਧਰ — ਦੋ ਅਣਪਛਾਤੇ ਵਿਅਕਤੀਆਂ ਨੇ ਇਥੋਂ ਦਸ ਕਿਲੋਮੀਟਰ ਦੂਰ ਪਿੰਡ ਪਰਾਗਪੁਰ ਨੇੜੇ ਇਕ ਪਟਰੌਲ ਪੰਪ ਤੋਂ 1500 ਰੁਪਏ ਦੀ ਨਕਦੀ ਲੁੱਟ ਲਈ। ਲੁਟੇਰੇ ਸਕੂਟਰ 'ਤੇ ਸਵਾਰ ਸਨ। ਇਹ ਸਕੂਟਰ ਉਨ੍ਹਾਂ ਨੇ ਜਲੰਧਰ ਛਾਉਣੀ ਨੇੜਿਓਂ ਕੋਸ਼ੈਨੰਦ ਤੋਂ ਖੋਹਿਆ ਸੀ। ਦੱਸਿਆ ਗਿਆ ਹੈ ਕਿ ਉਨ੍ਹਾਂ ਨੇ ਪਿੰਡ ਨੰਗਲ ਫਤਹਿਗੜ੍ਹ ਨੇੜੇ ਖੇਤਾਂ 'ਚ ਕੰਮ ਕਰਦੇ ਇਕ ਨੌਜਵਾਨ ਰਾਜ ਕੁਮਾਰ ਨੂੰ ਵੀ ਗੋਲੀ ਮਾਰ ਕੇ ਜ਼ਖ਼ਮੀ ਕਰ ਦਿਤਾ। ਪੁਲੀਸ ਨੇ ਕੇਸ ਦਰਜ ਕਰ ਲਿਆ ਪਰ ਅਜੇ ਕੋਈ ਗ੍ਰਿਫਤਾਰੀ ਨਹੀਂ ਹੋ ਸਕੀ। ਇਸੇ ਦੌਰਾਨ ਕੁਝ ਪੁਲੀਸ ਸੂਤਰਾਂ ਤੋਂ ਪਤਾ ਲਗਾ ਹੈ ਕਿ ਭੋਗਪੁਰ 'ਚ ਬੈਂਕ ਡਾਕਾ ਮਾਰਨ ਵਾਲੇ "ਮਨਵੀਰ ਸਿੰਘ ਗਰੋਹ" ਦੇ ਮੈਂਬਰ ਸਨ ਜਿਨ੍ਹਾਂ ਨੇ ਪਿਛੇ ਜਿਹੇ ਨਕੋਦਰ ਨੇੜੇ ਕਈ ਪਿੰਡਾਂ 'ਚ ਅੰਧਾਧੁੰਦ ਫਾਇਰਿੰਗ ਕਰਕੇ ਕਈ ਵਿਅਕਤੀ ਮਾਰੇ ਸਨ। ਸੂਤਰਾਂ ਦਾ ਕਹਿਣਾ ਹੈ ਕਿ ਗਰੋਹ ਦੇ ਅੱਠ ਮੈਂਬਰਾਂ 'ਚੋਂ ਪੰਜ ਮੈਂਬਰ ਅਜੇ ਫਰਾਰ ਹਨ ਜਦ ਕਿ ਤਿੰਨ ਨੂੰ ਗ੍ਰਿਫਤਾਰ ਕਰ ਲਿਆ ਸੀ। ਸੂਤਰਾਂ ਦਾ ਕਹਿਣਾ ਹੈ ਕਿ ਪੰਜਾਬ 'ਚ ਅਜਿਹੇ 37 ਗਰੁਪ ਹਨ ਜੋ ਕਿ ਖੋਹ ਤੇ ਮਾਰਧਾੜ ਦੀਆਂ ਘਟਨਾਵਾਂ ਕਰ ਰਹੇ ਹਨ। ਹਰੇਕ ਗਰੁਪ ਦੇ ਮੈਂਬਰਾਂ ਦੀ ਗਿਣਤੀ ਛੇ ਜਾਂ ਇਸ ਤੋਂ ਵੱਧ ਹੈ।

ਇਹ ਵੀ ਦੱਸਿਆ ਗਿਆ ਕਿ ਪੁਲੀਸ ਨੇ ਉਕਤ ਗਰੁਪਾਂ ਬਾਰੇ ਕਾਫੀ ਜਾਣਕਾਰੀ ਪ੍ਰਾਪਤ ਕਰ ਲਈ ਹੈ ਤੇ ਉਨ੍ਹਾਂ ਦੇ ਕੁਝ ਠਿਕਾਣਿਆਂ ਦਾ ਪਤਾ ਲਗਾ ਲਿਆ ਹੈ। ਇਨ੍ਹਾਂ ਸੂਤਰਾਂ ਦੇ ਕਹਿਣ ਅਨੁਸਾਰ ਜ਼ਿਲਾ ਪੁਲੀਸ ਨੇ ਸੁਰੱਖਿਆ ਦਲਾਂ ਨਾਲ ਮਿਲ ਕੇ ਇਕ ਯੋਜਨਾ ਬਣਾਈ ਹੈ ਜਿਸ ਅਨੁਸਾਰ "ਮਨਵੀਰ ਸਿੰਘ ਗਰੋਹ" ਦੇ ਬਾਕੀ ਪੰਜ ਮੈਂਬਰਾਂ ਨੂੰ ਫੜਿਆ ਜਾਵੇਗਾ ਜਾਂ ਮਾਰ ਦਿਤਾ ਜਾਵੇਗਾ।

ਲੁਧਿਆਣਾ — ਇਥੇ ਸਿਵਲ ਲਾਈਨਜ਼ ਦੇ ਇਕ ਮਕਾਨ 'ਚੋਂ ਸੁਭਾਸ਼ ਮ-ਦਾਨ ਦੀ ਕਾਰ ਚੋਰੀ ਹੋ ਗਈ। ਪੁਲੀਸ ਨੇ ਕੇਸ ਦਰਜ ਕਰ ਲਿਆ। ਇਸੇ ਦੌਰਾਨ ਸ਼ਹਿਰ ਦੇ ਕੁਝ ਖੇਤਰਾਂ 'ਚ ਚਲ ਰਿਹਾ ਕਰਫੀਊ ਖਤਮ ਕਰ ਦਿਤਾ ਗਿਆ।

ਅੰਮ੍ਰਿਤਸਰ — ਰਾਜ ਮੰਤਰੀ ਸ਼ਸ਼ਪਾਲ ਸਿੰਘ ਨੇ ਕਿਹਾ ਕਿ ਦਹਿਸ਼ਤਵਾਦ ਦੀ ਲਹਿਰ ਕੇਵਲ ਪੰਜਾਬ ਲਈ ਹੀ ਨਹੀਂ ਬਲਕਿ ਕੌਮਾਂਤਰੀ ਪੱਧਰ ਦੀ ਸਮੱਸਿਆ ਹੈ। ਰਾਜਾਸਾਂਸੀ ਵਿਖੇ ਮੱਛੀ ਪਾਲਕਾਂ ਦੇ ਇਕ ਮੇਲੇ ਦੀ ਪ੍ਰਧਾਨਗੀ ਕਰਦਿਆਂ ਉਨ੍ਹਾਂ ਕਿਹਾ ਕਿ ਬਰਨਾਲਾ ਸਰਕਾਰ ਪੰਜਾਬ ਦੇ ਸਮੁੱਚੇ ਵਿਕਾਸ ਲਈ ਵਚਨਬੱਧ ਹੈ।

ਮੋਗਾ — ਫਰੀਦਕੋਟ ਜ਼ਿਲਾ ਪੁਲੀਸ ਨੇ ਮੁਕਤਸਰ ਸਬ ਡਿਵੀਜ਼ਨ ਵਿਚ ਦਹਿਸ਼ਤਪਸੰਦਾਂ ਦੇ ਕਈ ਠਿਕਾਣਿਆਂ ਦਾ ਪਤਾ ਲਗਾ ਕੇ ਛਾਪੇ ਮਾਰੇ ਅਤੇ ਭਾਰੀ ਮਾਤਰਾ 'ਚ ਗੋਲੀ-ਸਿੱਕੇ ਸਮੇਤ ਪੰਜ ਦਹਿਸ਼ਤਪਸੰਦਾਂ ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ : ਕੌਰ ਸਿੰਘ, ਗੁਰਚਰਨ ਸਿੰਘ, ਬੇਅੰਤ ਸਿੰਘ ਤੇ ਗਜਰਾਜ ਸਿੰਘ। ਸੁਖਦੇਵ ਸਿੰਘ ਨੇ ਮੰਨਿਆ ਕਿ ਉਸ ਨੇ ਇਕ ਵਿਅਕਤੀ ਦਾ ਕਤਲ ਕੀਤਾ ਤੇ ਇਕ ਡਾਕਟਰ ਨੂੰ ਜ਼ਖਮੀ ਕੀਤਾ।

'ਗੋਰਖਾਲੈਂਡ' ਅੰਦੋਲਨ ਦਾ ਮੁਕਾਬਲਾ ਹੋਵੇਗਾ

ਕਲਕੱਤਾ — ਪੱਛਮੀਂ ਬੰਗਾਲ ਦੇ ਮੁੱਖ ਮੰਤਰੀ ਸ੍ਰੀ ਜੋਤੀ ਬਾਸੂ ਨੇ ਉਤਰੀ ਬੰਗਾਲ ਦਾ ਦੌਰਾ ਕਰਨ ਉਪਰੰਤ ਕਲਕੱਤਾ ਵਾਪਸੀ 'ਤੇ ਪੱਤਰਕਾਰਾਂ ਨੂੰ ਦੱਸਿਆ ਕਿ ਰਾਜ ਦੇ ਉਤਰੀ ਭਾਗ ਵਿਚ ਚਲ ਰਹੇ ਵੱਖਰੇ 'ਗੋਰਖਾਲੈਂਡ' ਤੇ 'ਉਤਰ ਖੰਡ' ਨੇ ਅੰਦੋਲਨਾਂ ਦਾ ਉਹ ਡਟਕੇ ਮੁਕਾਬਲਾ ਕਰਨਗੇ। ਸ੍ਰੀ ਬਾਸੂ ਨੇ ਕਿਹਾ ਕਿ ਕੁਝ ਲੋਕ ਦੇਸ਼ ਨੂੰ ਟੁਕੜੇ ਟੁਕੜੇ ਕਰ ਕੇ ਇਸ ਨੂੰ ਤਬਾਹ ਕਰਨਾ ਚਾਹੁੰਦੇ ਹਨ। ਇਨ੍ਹਾਂ ਨੂੰ ਉਨ੍ਹਾਂ ਕਿਹਾ ਕਿ ਹਰ ਤਰ੍ਹਾਂ ਨਾਲ ਦਬਾਇਆ ਜਾਵੇਗਾ। ਇਨ੍ਹਾਂ ਦਾ ਟਾਕਰਾ ਰਾਜਨੀਤਕ ਤੇ ਪ੍ਰਸ਼ਾਸਨਕ ਤੌਰ 'ਤੇ ਕੀਤਾ ਜਾਵੇਗਾ। ਰਾਜ ਦੇ ਉਤਰੀ ਭਾਗ ਵਿਚ ਵਸੇ ਨਿਪਾਲੀ 'ਗੋਰਖਾਲੈਂਡ' ਦੀ ਕਾਫੀ ਸਮੇਂ ਤੋਂ ਮੰਗ ਕਰ ਰਹੇ ਹਨ ਤੇ ਉਹ ਜ਼ੋਰ ਫੜ ਰਹੀ ਹੈ। ਇਥੋਂ ਦੇ ਘਾਟੀ ਵਾਸੀ ਵੱਖਰੇ 'ਉਤਰੀ ਖੰਡ' ਦੀ ਮੰਗ ਕਰ ਰਹੇ ਹਨ।

ਸ਼ਹੀਦਾਂ ਦੀ ਕੌਮੀ ਯਾਦਗਾਰ ਲਈ ਕਮੇਟੀ ਕਾਇਮ

ਚੰਡੀਗੜ੍ਹ — ਕੇਂਦਰ ਨੇ ਫਿਰੋਜ਼ਪੁਰ ਜ਼ਿਲੇ ਵਿਚ ਹੁਸੈਨੀਵਾਲਾ ਵਿਖੇ 'ਸ਼ਹੀਦਾਂ ਦੀ ਕੌਮੀ ਯਾਦਗਾਰ' ਸਥਾਪਤ ਕਰਨ ਲਈ ਇਕ ਕੌਮੀ ਕਮੇਟੀ ਸਥਾਪਤ ਕਰਨ ਦਾ ਐਲਾਨ ਕੀਤਾ ਹੈ। ਪਿਛਲੇ ਸਾਲ ਪ੍ਰਧਾਨ ਮੰਤਰੀ ਨੇ ਯਾਦਗਾਰ ਸਥਾਪਤ ਕਰਨ ਦਾ ਭਰੋਸਾ ਦਿੱਤਾ ਸੀ। ਇਸ ਕਮੇਟੀ ਦੇ ਚੇਅਰਮੈਨ ਪੰਜਾਬ ਦੇ ਰਾਜਪਾਲ ਐਸ. ਐਸ. ਰੇਅ ਨਿਯੁਕਤ ਕੀਤੇ ਗਏ ਹਨ। ਕਮੇਟੀ ਦੇ ਦੂਜੇ ਮੈਂਬਰਾਂ ਵਿਚ ਪੱਛਮੀ ਬੰਗਾਲ ਦੇ ਰਾਜਪਾਲ ਉਮਾ ਸ਼ੰਕਰ ਦੀਕਸ਼ਤ, ਉੜੀਸਾ ਦੇ ਰਾਜਪਾਲ ਬੀ. ਐਨ. ਸ਼ਰਮਾ ਪਾਂਡੇ, ਲੋਕ ਸਭਾ ਦੇ ਸਪੀਕਰ ਬਲਰਾਮ ਜਾਖੜ, ਪੰਜਾਬ ਦੇ ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ, ਸਭਿਆਚਾਰਕ ਮਾਮਲਿਆਂ ਬਾਰੇ ਕੇਂਦਰੀ ਰਾਜ ਮੰਤਰੀ, ਮਨੁੱਖੀ ਸਾਧਨਾ ਅਤੇ ਵਿਕਾਸ ਬਾਰੇ ਮੰਤਰਾਲੇ ਦੇ ਮੰਤਰੀ, ਸ੍ਰੀ ਅਰਜਨ ਸਿੰਘ ਐਮ. ਪੀ., ਸ਼ਹੀਦ ਭਗਤ ਸਿੰਘ ਦੇ ਭਰਾ ਕੁਲਤਾਰ ਸਿੰਘ, ਜਨਰਲ ਮੋਹਣ ਸਿੰਘ, ਸ੍ਰੀਮਤੀ ਅਰੁਨਾ ਆਸਫ ਅਲੀ, ਪ੍ਰੋ: ਬਿਪਨ ਚੰਦਰ, ਸ੍ਰੀ ਪੰਨਾ ਲਾਲ ਦੇਸ਼ਗੁਪਤਾ, ਸ੍ਰੀ ਨੰਬੂਦਰੀਪਾਦ, ਡਾ. ਐਸ. ਐਸ. ਬੱਲ ਉਪਕੁਲਪਤੀ, ਸ੍ਰੀ ਸ਼ਰਤ ਦਾਸ, ਸ੍ਰੀ ਰਵਿੰਦਰ ਭਾਨ, ਸ੍ਰੀ ਐਮ. ਐਮ. ਰਾਣਾ, ਸ੍ਰੀ ਮਥੁਰਾ ਦਾਸ, ਦੁਰਗਾ ਦੇਵੀ ਵੋਹਰਾ, ਸ੍ਰੀ ਨੰਦ ਲਾਲ ਅਹੂਜਾ, ਡਾ. ਗੁਰਦਿਆਲ ਸਿੰਘ ਢਿਲੋਂ ਐਮ. ਪੀ. ਅਤੇ ਫਿਰੋਜ਼ਪੁਰ ਡਿਵੀਜ਼ਨ ਦਾ ਕਮਿਸ਼ਨਰ ਸ਼ਾਮਲ ਹਨ।

ਲੋਕ ਸੰਪਰਕ ਵਿਭਾਗ ਦਾ ਸਕੱਤਰ ਕਮੇਟੀ ਦਾ ਮੈਂਬਰ ਸਕੱਤਰ ਹੋਵੇਗਾ। ਕਮੇਟੀ ਸਰਕਾਰ ਨੂੰ ਯਾਦਗਾਰ ਵਾਲੀ ਥਾਂ ਅਤੇ ਪਾਰਕ ਦਾ ਵਿਕਾਸ ਕਰਨ ਲਈ ਸੁਝਾਅ ਦੇਵੇਗੀ। ਇਥੇ ਜਿਹੜੀ ਸ਼ਹੀਦਾਂ ਦੀ ਯਾਦਗਾਰ ਬਣੇਗੀ ਉਸ ਵਿਚ ਪੰਜਾਬ ਦੇ ਆਜ਼ਾਦੀ ਦੀ ਜਦੋਜਹਿਦ ਵਿਚ ਪਾਏ ਹਿਸੇ ਨੂੰ ਉਭਾਰਿਆ ਜਾਵੇਗਾ।

ਸੁਰਜੀਤ ਸਿੰਘ ਸੇਠੀ ਦੀ ਪਤਨੀ ਦਾ ਦਿਹਾਂਤ

ਪਟਿਆਲਾ, . . (ਪ. ਟ. ਬ.)– ਪੰਜਾਬੀ ਯੂਨੀਵਰਸਿਟੀ ਦੇ ਨਾਟਕ ਕਲਾ ਵਿਭਾਗ ਦੇ ਮੁਖੀ ਡਾ. ਸੁਰਜੀਤ ਸਿੰਘ ਸੇਠੀ ਦੀ ਪਤਨੀ ਸ੍ਰੀਮਤੀ ਮਨੋਹਰ ਕੌਰ ਅਰਪਣ ਦਾ ਬੀਤੇ ਦਿਨ ਕੁਝ ਸਮਾਂ ਬਿਮਾਰ ਰਹਿਣ ਮਗਰੋਂ ਦੇਹਾਂਤ ਹੋ ਗਿਆ। ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਵਿਭਾਗ ਦੇ ਸਟਾਫ ਤੇ ਵਿਦਿਆਰਥੀਆਂ ਦੀ ਇਕ ਮੀਟਿੰਗ ਹੋਈ।

ਪੈਰਾਮਾਂਊਟ ਨਵੀਂ ਥਾਂ ਤੇ

ਡੈਲਟਾ— ਪੈਰਾਮਾਂਊਟ ਵੀਡੀਓ ਦੇ ਮਾਲਕ ਸੂਚਨਾ ਦਿੰਦੇ ਹਨ ਕਿ ਉਨ੍ਹਾਂ ਨੇ ਆਪਣਾ ਸਟੋਰ ਅਪਣੇ ਗਾਹਕਾਂ ਦੀ ਸਹੂਲਤ ਲਈ ਸਰੀ ਡੈਲਟੇ ਦੀ ਪੰਜਾਬੀ ਮਾਰਕੀਟ ਵਿੱਚ ਖੋਲ੍ਹ ਲਿਆ ਹੈ। ਜਿਵੇਂ ਕਿ ਆਪ ਭਲੀ ਪਰਕਾਰ ਜਾਣਦੇ ਹੋ ਕਿ ਇਹ ਸਰੀ ਦੇ ਵੱਡੇ ਵੀਡੀਓ ਸਟੋਰਾਂ ਵਿੱਚੋਂ ਇੱਕ ਹੈ ਅਤੇ ਇਨ੍ਹਾਂ ਕੋਲ ਹਜ਼ਾਰਾਂ ਦੀ ਤਾਦਾਦ ਵਿੱਚ ਹਿੰਦੀ ਪੰਜਾਬੀ ਦੀਆਂ ਮੂਵੀਆਂ ਹਨ। ਮਿ. ਬੱਲ ਨੇ ਇਹ ਵੀ ਦੱਸਿਆ ਕਿ ਅਸੀਂ ਹਮੇਸ਼ਾ ਹੀ ਵਧੀਆ ਪ੍ਰਿੰਟਾਂ ਦੇ ਨਾਲ ਆਪਣੇ ਗਾਹਕਾਂ ਦੀ ਵੱਧ ਤੋਂ ਵੱਧ ਸੇਵਾ ਕਰਨ ਦੀ ਕੋਸ਼ਿਸ਼ ਕਰਦੇ ਹਾਂ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਰਾਜ-ਨੀਤੀ — ਇਕ ਗੋਰਖਧੰਦਾ

—ਜਸਵੰਤ ਸਿੰਘ ਅਜੀਤ—

ਪਿਛਲੇ ਦਿਨੀਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚਲੇ ਲੌਂਗੋਵਾਲ ਅਕਾਲੀ ਦਲ ਨਾਲ ਸਬੰਧਤ ਕੁਝ ਮੈਂਬਰ ਅਤੇ ਦਿੱਲੀ ਅਕਾਲੀ ਦਲ ਦੇ ਮੁਖੀ ਦਲ ਦੇ ਪ੍ਰਧਾਨ ਸ. ਸੁਰਜੀਤ ਸਿੰਘ ਬਰਨਾਲਾ ਨੂੰ ਚੰਡੀਗੜ੍ਹ ਵਿਖੇ ਮਿਲੇ ਅਤੇ ਉਨ੍ਹਾਂ ਨੂੰ ਗੁਰਦੁਆਰਾ ਕਮੇਟੀ ਦੇ ਅਠਾਈ ਮੈਂਬਰਾਂ ਦੇ ਦਸਤਖਤਾਂ ਹੇਠ ਇਕ ਯਾਦ ਪੱਤਰ ਦਿੰਦਿਆਂ ਹੋਇਆਂ ਮੰਗ ਕੀਤੀ ਕਿ ਉਹ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ: ਜਸਵੰਤ ਸਿੰਘ ਕਾਲਕਾਜੀ ਅਤੇ ਜਨਰਲ ਸਕੱਤਰ ਹੈਡਮਾਸਟਰ ਸੁੱਚਾ ਸਿੰਘ, ਜੋ ਕਿ ਆਪਣੇ ਆਪ ਨੂੰ ਲੌਂਗੋਵਾਲ ਅਕਾਲੀ ਦਲ ਦੇ ਪ੍ਰਤੀਨਿਧ ਆਖਦੇ ਹਨ, ਨੂੰ ਹਦਾਇਤ ਦੇਣ ਕਿ ਉਹ ਕਮੇਟੀ ਦੇ ਪ੍ਰਧਾਨ ਅਤੇ ਦੂਜੇ ਅਹੁਦੇਦਾਰਾਂ ਦੀ ਚੋਣ ਛੇਤੀ ਤੋਂ ਛੇਤੀ ਕਰਵਾਉਣ।

ਇਨ੍ਹਾਂ ਮੈਂਬਰਾਂ ਨੇ ਸ: ਬਰਨਾਲਾ ਨੂੰ ਇਹ ਵੀ ਆਖਿਆ ਕਿ ਦਿੱਲੀ ਗੁਰਦੁਆਰਾ ਐਕਟ ਅਨੁਸਾਰ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਹਰ ਸਾਲ ਹੋਣੀ ਚਾਹੀਦੀ ਹੈ ਪ੍ਰੰਤੂ ਵਰਤਮਾਨ ਅਹੁਦੇਦਾਰ ਤਿੰਨ ਸਾਲ ਤੋਂ ਕਮੇਟੀ ਉਤੇ ਕਬਜ਼ਾ ਕਰ ਕੇ ਬੈਠੇ ਹੋਏ ਹਨ। ਜਿਉਂ ਜਿਉਂ ਚੋਣ ਵਿਚ ਦੇਰੀ ਹੁੰਦੀ ਜਾ ਰਹੀ ਹੈ, ਤਿਉਂ ਤਿਉਂ ਦਿੱਲੀ ਵਿਚ ਦਲ ਦੀ ਸਾਖ ਘਟਦੀ ਜਾ ਰਹੀ ਹੈ ਕਿਉਂਕਿ ਲੋਕਾਂ ਵਿਚ ਇਹ ਪ੍ਰਭਾਵ ਪੈ ਰਿਹਾ ਹੈ ਕਿ ਲੌਂਗੋਵਾਲ ਦਲ ਚੋਣਾਂ ਦਾ ਸਾਹਮਣਾ ਕਰਨ ਤੋਂ ਕਤਰਾ ਰਿਹਾ ਹੈ।

ਸ. ਸੁਰਜੀਤ ਸਿੰਘ ਬਰਨਾਲਾ ਨੇ ਸ਼ਰੋਮਣੀ ਅਕਾਲੀ ਦਲ (ਲੌਂ) ਦੇ ਪ੍ਰਧਾਨ ਹੋਣ ਦੀ ਹੈਸੀਅਤ ਵਿਚ ਗੁਰਦੁਆਰਾ ਕਮੇਟੀ ਦੇ ਜਨਰਲ ਸਕੱਤਰ ਹੈਡਮਾਸਟਰ ਸੁੱਚਾ ਸਿੰਘ ਨੂੰ ਇਕ ਚਿੱਠੀ ਲਿਖੀ, ਜਿਸ ਵਿਚ ਉਨ੍ਹਾਂ ਨੇ ਅਠਾਈ ਮੈਂਬਰਾਂ ਵਲੋਂ ਦਿਤੇ ਯਾਦ ਪੱਤਰ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਦਲ ਦੇ ਹਿਤਾਂ ਨੂੰ ਵੇਖਦਿਆਂ ਹੋਇਆਂ ਗੁਰਦੁਆਰਾ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਮਈ ਦੇ ਦੂਜੇ ਹਫਤੇ ਤਕ ਕਰਵਾ ਦਿਤੀ ਜਾਵੇ।

ਹੈਡਮਾਸਟਰ ਸੁੱਚਾ ਸਿੰਘ ਨੇ ਇਹ ਚਿੱਠੀ ਮਿਲਣ ਦੀ ਪੁਸ਼ਟੀ ਕਰਦਿਆਂ ਹੋਇਆਂ ਆਖਿਆ ਕਿ ਉਹ ਪਾਰਟੀ ਦੇ ਵਫਾਦਾਰ ਸਿਪਾਹੀ ਹੋਣ ਦੇ ਨਾਤੇ ਇਸ ਹੁਕਮ ਨੂੰ ਸਵੀਕਾਰ ਕਰਨਗੇ।

28 ਮੈਂਬਰਾਂ ਵਲੋਂ ਯਾਦ ਪੱਤਰ

ਭਾਵੇਂ ਅਠਾਈ ਮੈਂਬਰਾਂ ਨੇ ਯਾਦ ਪੱਤਰ ਉਪਰ ਦਸਤਖਤ ਕਰ ਕੇ ਇਹ ਮੰਗ ਕੀਤੀ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਛੇਤੀ ਤੋਂ ਛੇਤੀ ਕਰਵਾਈ ਜਾਵੇ, ਫਿਰ ਵੀ ਕੁਝ ਮੈਂਬਰਾਂ ਨੂੰ ਇਹ ਡਰ ਹੈ ਕਿ ਦਲ ਦੇ ਮੈਂਬਰ ਧੜੇਬੰਦੀਆਂ ਵਿਚ ਇਸ ਤਰ੍ਹਾਂ ਵੰਡੇ ਹੋਏ ਹਨ ਕਿ ਜੇਕਰ ਚੋਣ ਕਰਵਾਈ ਗਈ ਤਾਂ ਲੌਂਗੋਵਾਲ ਦਲ ਪਾਸ ਮੈਂਬਰਾਂ ਦੀ ਠੋਸ ਬਹੁਸੰਮਤੀ ਹੋਣ ਦੇ ਬਾਵਜੂਦ, ਉਸ ਦੇ ਹਾਰ ਜਾਣ ਦੀ ਸੰਭਾਵਨਾ ਹੋ ਸਕਦੀ ਹੈ।

ਇਨ੍ਹਾਂ ਮੈਂਬਰਾਂ ਅਨੁਸਾਰ ਦਲ ਦੇ ਮੈਂਬਰ ਪ੍ਰਤੱਖ ਰੂਪ ਵਿਚ ਚਾਰ ਧੜਿਆਂ — ਜਥੇਦਾਰ ਹਰਚਰਨ ਸਿੰਘ, ਪ੍ਰੋ: ਅਜਾਇਬ ਸਿੰਘ, ਸ. ਅਵਤਾਰ ਸਿੰਘ ਆਟੋਪਿੰਨ ਅਤੇ ਸ. ਤਰਲੋਚਨ ਸਿੰਘ ਸਰਨਾ — ਵਿਚ ਵੰਡੇ ਹੋਏ ਹਨ। ਇਸ ਤੋਂ ਅਗੇ ਹਰ ਧੜੇ ਵਿਚ ਵੱਖ ਵੱਖ ਗੁਟਬੰਦੀਆਂ ਕਾਇਮ ਹੋਈਆਂ ਹੋਈਆਂ ਹਨ।

ਸ. ਸੁਰਜੀਤ ਸਿੰਘ ਬਰਨਾਲਾ ਦੀ ਚਿੱਠੀ ਆਉਣ ਦੀ ਸੂਚਨਾ ਹਰ ਇਕ ਮੈਂਬਰ ਤੱਕ ਪਹੁੰਚ ਚੁੱਕੀ ਹੈ ਤੇ ਇਸ ਆਸ ਵਿਚ ਕਿ ਚੋਣ ਜ਼ਰੂਰ ਹੋ ਜਾਵੇਗੀ, ਵੱਖ ਵੱਖ ਧੜੇ ਮੁਕਾਬਲਾ ਕਰਨ ਲਈ ਮੈਦਾਨ ਵਿਚ ਨਿੱਤਰ ਰਹੇ ਹਨ। ਇਸ ਸਮੇਂ ਪ੍ਰਧਾਨਗੀ ਦੇ ਅਹੁਦੇ ਲਈ ਲੌਂਗੋਵਾਲ ਧੜੇ ਨਾਲ ਸਬੰਧਤ ਜਿਨ੍ਹਾਂ ਨਾਵਾਂ ਦਾ ਚਰਚਾ ਹੈ, ਉਨ੍ਹਾਂ ਵਿਚ ਸ. ਜਸਵੰਤ ਸਿੰਘ ਸ਼ਾਨ, ਚੌਧਰੀ ਬਸੰਤ ਸਿੰਘ, ਸ. ਮਨਜੀਤ ਸਿੰਘ. ਸ. ਕਿਰਪਾਲ ਸਿੰਘ ਸੰਗਤਪੁਰੀ, ਸ. ਸੁਰਜੀਤ ਸਿੰਘ ਰੰਗ ਵਾਲਿਆਂ ਦਾ ਨਾਂ ਲਿਆ ਜਾ ਰਿਹਾ ਹੈ, ਇਸੇ ਤਰ੍ਹਾਂ ਜਨਰਲ ਸਕੱਤਰ ਦੇ ਲਈ ਪ੍ਰੋ: ਜਸਪਾਲ ਸਿੰਘ, ਹੈਡਮਾਸਟਰ ਸੁੱਚਾ ਸਿੰਘ, ਜ. ਸੁਰਜੀਤ ਸਿੰਘ, ਪ੍ਰੋ: ਜੁਗਿੰਦਰ ਸਿੰਘ, ਸ. ਅਵਤਾਰ ਸਿੰਘ ਹਿਤ ਆਦਿ ਦੇ ਨਾਂ ਲਏ ਜਾ ਰਹੇ ਹਨ। ਜੇ ਚੋਣ ਹੋਵੇ ਤਾਂ ਇਨ੍ਹਾਂ ਵਿਚੋਂ ਕਿਸ-ਕਿਸ ਨਾਂ ਉਤੇ ਸਮਝੌਤਾ ਹੋ ਸਕੇਗਾ, ਕੁਝ ਕਿਹਾ ਨਹੀਂ ਜਾ ਸਕਦਾ। ਜਿਨ੍ਹਾਂ ਨਾਵਾਂ ਉਤੇ ਸਮਝੌਤਾ ਨਹੀਂ ਹੋ ਸਕੇਗਾ, ਉਨ੍ਹਾਂ ਨਾਲ ਸਬੰਧਤ ਗੁਟ ਦੇ ਮੈਂਬਰ ਪਾਰਟੀ ਦੇ ਕਿਥੋਂ ਤੱਕ ਵਫਾਦਾਰ ਰਹਿ ਸਕਣਗੇ? ਇਹ ਸਵਾਲ ਸਭ ਤੋਂ ਵੱਧ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਅਤੇ ਕਈ ਮੈਂਬਰਾਂ ਵਲੋਂ ਇਹ ਡਰ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਕਿਧਰੇ ਫਿਰ 1982 ਵਾਲਾ ਇਤਿਹਾਸ ਹੀ ਨਾ ਦੁਹਰਾ ਦਿਤਾ ਜਾਵੇ।

1982 ਵਾਲੇ ਇਤਿਹਾਸ ਦੁਹਰਾਏ ਜਾਣ ਦਾ ਡਰ

ਇਹ ਯਾਦ ਰੱਖਣ ਵਾਲੀ ਗੱਲ ਹੈ ਕਿ 1982 ਵਿਚ ਸ: ਸੁਰਜੀਤ ਸਿੰਘ ਬਰਨਾਲਾ ਤੇ ਸ: ਬਲਵੰਤ ਸਿੰਘ, ਦਿੱਲੀ ਗੁਰਦੁਆਰਾ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਦਾ ਨਿਰੀਖਣ ਕਰਨ ਲਈ ਸੰਤ ਲੌਂਗੋਵਾਲ ਦੇ ਪ੍ਰਤੀਨਿਧ ਵਜੋਂ ਦਿੱਲੀ ਪੁਜੇ ਹੋਏ ਸਨ। ਚੋਣ ਵਾਲੇ ਦਿਨ ਦੀ ਪਹਿਲੀ ਰਾਤ ਨੂੰ ਲੌਂਗੋਵਾਲ ਦਲ ਨੂੰ ਪੱਕਾ ਵਿਸ਼ਵਾਸ਼ ਸੀ ਕਿ ਇਸ ਚੋਣ ਵਿਚ ਉਨ੍ਹਾਂ ਦੀ ਜਿੱਤ ਨਿਸਚਿਤ ਹੋ ਚੁਕੀ ਹੈ, ਪ੍ਰੰਤੂ ਜਿਸ ਸਮੇਂ ਚੋਣ ਪ੍ਰਕ੍ਰਿਆ ਆਰੰਭ ਹੋਈ ਤਾਂ ਮੈਂਬਰਾਂ ਨੂੰ ਦਲ ਦੀ ਹਾਰ ਪਰਤੱਖ ਵਿਖਾਈ ਦੇਣ ਲਗ ਪਈ। ਹੋਇਆ ਵੀ ਉਹੀ, ਦਲ ਦੇ ਨਾਮਜ਼ਦ ਉਮੀਦਵਾਰ ਹਾਰ ਗਏ।

ਸ਼ਾਇਦ ਇਹੀ ਕਾਰਨ ਹੈ ਕਿ ਜਦੋਂ ਦਲ ਦੇ ਮੈਂਬਰਾਂ ਨੇ ਸ: ਬਰਨਾਲਾ ਨੂੰ ਆਪਣੀ ਸ਼ਕਤੀ ਦਾ ਪ੍ਰਮਾਣ ਦੇਣ ਲਈ, ਉਪਰੋਕਤ ਅਠਾਈ ਦਸਤਖਤਾਂ ਵਾਲਾ ਯਾਦ ਪੱਤਰ ਦਿਤਾ ਤਾਂ ਉਨ੍ਹਾਂ ਹੱਸ ਕੇ ਪੁੱਛਿਆ, "ਚੋਣ ਦੇ ਸਮੇਂ ਇਨ੍ਹਾਂ ਵਿਚੋਂ ਕਿੰਨੇ ਮੈਂਬਰ ਕਿਰ ਜਾਣਗੇ?" ਇਸਦੇ ਬਾਵਜੂਦ ਉਨ੍ਹਾਂ ਨੇ ਮੈਂਬਰਾਂ ਦੀ ਇੱਛਾ ਦਾ ਸਤਿਕਾਰ ਕਰਦਿਆਂ ਹੋਇਆ ਦਿੱਲੀ ਗੁਰਦੁਆਰਾ ਕਮੇਟੀ ਦੇ ਜਨਰਲ ਸਕੱਤਰ ਹੈਡਮਾਸਟਰ ਸੁੱਚਾ ਸਿੰਘ ਨੂੰ ਮਈ ਦੇ ਦੂਜੇ ਹਫਤੇ ਤਕ ਚੋਣ ਕਰਵਾਉਣ ਲਈ ਹਦਾਇਤ ਭੇਜ ਦਿਤੀ।

ਬਰਨਾਲਾ ਤਕ ਪਹੁੰਚ

ਇਧਰ ਹੈਡਮਾਸਟਰ ਸੁੱਚਾ ਸਿੰਘ ਚੋਣ ਕਰਵਾਉਣ ਦੇ ਸਬੰਧ ਵਿਚ ਵਿਚਾਰ-ਵਟਾਂਦਰਾ ਕਰ ਰਹੇ ਹਨ, ਉਧਰ ਕੁਝ ਮੈਂਬਰ ਸ: ਸੁਰਜੀਤ ਸਿੰਘ ਬਰਨਾਲਾ ਤਕ ਪਹੁੰਚ ਕਰ ਰਹੇ ਹਨ ਅਤੇ ਦੱਸ ਰਹੇ ਹਨ ਕਿ ਹਾਲਾਤ ਨੂੰ ਵੇਖਦਿਆਂ ਹੋਇਆ 1982 ਵਾਲਾ ਇਤਿਹਾਸ ਮੁੜ ਕੇ ਦੁਹਰਾਉਣ ਦੀਆਂ ਤਿਆਰੀਆਂ ਹੋ ਰਹੀਆਂ ਹਨ। ਇਸ ਲਈ ਜਦੋਂ ਤੱਕ ਜਿੱਤ ਦਾ ਪੂਰਨ ਵਿਸ਼ਵਾਸ ਨਹੀਂ ਹੋ ਜਾਂਦਾ ਜਦ ਤੱਕ ਅਹੁਦੇਦਾਰਾਂ ਦੀ ਚੋਣ ਨਾ ਕਰਵਾਈ ਜਾਵੇ। ਜੇਕਰ ਜਿੱਤ ਦੇ ਵਿਚ ਕੁਝ ਵੀ ਸ਼ੰਕਾ ਵਿਖਾਈ ਦਿੰਦੀ ਹੋਏ ਤਾਂ ਵਰਤਮਾਨ ਸਥਿਤੀ ਨੂੰ ਆਉਂਦੀਆਂ ਜਨਰਲ ਚੋਣਾਂ ਤਕ ਚਲਣ ਦਿਤਾ ਜਾਵੇ। ਸ: ਬਰਨਾਲਾ ਨੇ ਅਜੇ ਤੱਕ ਆਪਣੀ ਦਿੱਤੀ ਹਦਾਇਤ ਵਿਚ ਕੋਈ ਤਬਦੀਲੀ ਨਹੀਂ ਕੀਤੀ। ਮਾਸਟਰ ਅਕਾਲੀ ਦਲ ਵਲੋਂ ਸਾਰੀ ਸਥਿਤੀ ਉਤੇ ਅਜੇ ਨਜ਼ਰ ਹੀ ਰੱਖੀ ਜਾ ਰਹੀ ਹੈ। ਉਹ ਆਪਣਾ ਦਿਲ ਖੋਲ੍ਹ ਕੇ ਸਾਹਮਣੇ ਨਹੀਂ ਰੱਖ ਰਿਹਾ।

****

ਪਿਛਲੇ ਦਿਨੀਂ ਅਖਬਾਰਾਂ ਵਿਚ ਇਹ ਖਬਰ ਛਪੀ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਅਣਮਿਥੇ ਸਮੇਂ ਲਈ ਮੁਲਤਵੀ ਕਰ ਦਿੱਤੀਆਂ ਗਈਆਂ ਹਨ, ਇਸ ਦਾ ਕਾਰਨ ਇਹ ਦੱਸਿਆ ਗਿਆ ਹੈ ਕਿ ਕੇਂਦਰ ਸਰਕਾਰ ਆਲ ਇੰਡੀਆ ਗੁਰਦੁਆਰਾ ਐਕਟ ਬਨਾਉਣ ਵਲ ਕਦਮ ਵਧਾ ਰਹੀ ਹੈ। ਇਹ ਐਕਟ ਬਣਨ ਤੋਂ ਬਾਅਦ ਨਵੇਂ ਸਿਰੇ ਤੋਂ ਚੋਣਾਂ ਕਰਵਾਉਣੀਆਂ ਪੈਣਗੀਆਂ, ਇਸ ਲਈ ਸਰਕਾਰ ਇਸ ਸਮੇਂ ਦਿੱਲੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਨਹੀਂ ਕਰਵਾਉਣਾ ਚਾਹੁੰਦੀ।

ਇਸ ਖਬਰ ਵਿਚ ਇਹ ਸਪਸ਼ਟ ਨਹੀਂ ਕੀਤਾ ਗਿਆ ਕਿ ਇਨ੍ਹਾਂ ਚੋਣਾਂ ਦਾ ਸਬੰਧ ਅਹੁਦੇਦਾਰਾਂ ਦੀ ਚੋਣ ਨਾਲ ਹੈ ਜਾਂ ਜਨਰਲ ਚੋਣਾਂ ਨਾਲ। ਸਰਕਾਰੀ ਸੂਤਰਾਂ ਤੋਂ ਮਿਲੇ ਵੇਰਵਿਆਂ ਵਿਚ ਦੱਸਿਆ ਗਿਆ ਹੈ ਕਿ ਇਸ ਦਾ ਸਬੰਧ ਜਨਰਲ ਚੋਣਾਂ ਨਾਲ ਹੈ।

ਗੁਰਦੁਆਰਾ ਐਕਟ

ਇਸ ਸਬੰਧ ਵਿਚ ਇਸ ਗੱਲ ਦਾ ਜ਼ਿਕਰ ਕਰਨਾ ਬੇਲੋੜਾ ਨਹੀਂ ਹੋਵੇਗਾ ਕਿ ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ ਨਾਲ ਸਬੰਧਤ ਦਿੱਲੀ ਸਿੱਖ ਗੁਰਦੁਆਰਾ ਐਕਟ 1971 ਦੇ ਅਖੀਰ ਵਿਚ ਹੋਂਦ ਵਿਚ ਆ ਗਿਆ ਸੀ ਪ੍ਰੰਤੂ ਇਸ ਐਕਟ ਦੇ ਲਾਗੂ ਹੋਣ ਤੋਂ ਲਗਭਗ ਸਾਢੇ ਤਿੰਨ ਸਾਲ ਬਾਅਦ ਅਰਥਾਤ 1975 ਦੇ ਆਰੰਭ ਵਿਚ ਚੋਣਾਂ ਕਰਵਾਉਣਾ ਸੰਭਵ ਹੋ ਸਕਿਆ ਸੀ। ਹਾਲਾਂ ਕਿ ਇਸ ਐਕਟ ਦਾ ਸਬੰਧ ਕੇਵਲ ਦਿੱਲੀ ਨਾਲ ਹੀ ਸੀ। ਆਲ ਇੰਡੀਆ ਗੁਰਦੁਆਰਾ ਐਕਟ ਜੋ ਅਜੇ ਬਣਨਾ ਹੈ — ਉਸ ਦੇ ਬਣਨ ਤੋਂ ਬਾਅਦ ਕਿੰਨੇ ਸਮੇਂ ਪਿਛੋਂ ਜਨਰਲ ਚੋਣਾਂ ਕਰਵਾਉਣਾ ਸੰਭਵ ਹੋਵੇਗਾ ਇਸ ਦਾ ਅਨੁਮਾਨ ਸਹਿਜੇ ਹੀ ਲਾਇਆ ਜਾ ਸਕਦਾ ਹੈ।

ਇਸ ਸਥਿਤੀ ਵਿਚ ਇਹ ਅਨੁਮਾਨ ਲਾਉਣਾ ਮੁਸ਼ਕਲ ਨਹੀਂ ਕਿ ਨਵੀਆਂ ਜਨਰਲ ਚੋਣਾਂ ਹੋਣ ਵਿਚ ਇਕ ਸਾਲ ਤੋਂ ਵੱਧ ਦਾ ਸਮਾਂ ਤਾਂ ਜ਼ਰੂਰ ਹੀ ਲਗ ਜਾਵੇਗਾ। ਅਜੇ ਇਸ ਬਿਲ ਦਾ ਖਰੜਾ ਮੁਖ ਮੰਤਰੀਆਂ ਨੂੰ ਭੇਜਿਆ ਗਿਆ ਹੈ, ਜੋ ਸਥਾਨਕ ਸਿਖ ਮੁਖੀਆਂ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ ਆਪਣੇ ਸੁਝਾਵਾਂ ਦੇ ਨਾਲ ਵਾਪਸ ਭੇਜਣਗੇ। ਫਿਰ ਕੇਂਦਰ ਸਰਕਾਰ ਉਨ੍ਹਾਂ ਸੁਝਾਵਾਂ ਉਪਰ ਵਿਚਾਰ ਕਰ ਕੇ ਵਰਤਮਾਨ ਖਰੜੇ ਵਿਚ ਸੋਧ ਕਰੇਗੀ ਤੇ ਉਸ ਤੋਂ ਬਾਅਦ ਰਾਜ ਸਭਾ ਅਤੇ ਲੋਕ ਸਭਾ ਪਾਸੋਂ ਪਾਸ ਹੋਣ ਤੋਂ ਪਿਛੋਂ ਰਾਸ਼ਟਰਪਤੀ ਦੇ ਦਸਤਖਤਾਂ ਨਾਲ ਇਹ ਬਿਲ ਐਕਟ ਦਾ ਰੂਪ ਧਾਰਨ ਕਰੇਗਾ।

ਇਸ ਐਕਟ ਦੇ ਹੋਂਦ ਵਿਚ ਆਉਣ ਤੋਂ ਬਾਅਦ ਗੁਰਦੁਆਰਾ ਚੋਣ ਕਮਿਸ਼ਨ ਦਾ ਨਵੇਂ ਸਿਰੇ ਤੋਂ ਗਠਨ ਕੀਤਾ ਜਾਵੇਗਾ। ਨਵੀਆਂ ਵੋਟਾਂ ਬਣਨਗੀਆਂ ਤੇ ਫਿਰ ਅਗਲੀ ਚੋਣ ਪ੍ਰਕ੍ਰਿਆ ਆਰੰਭ ਹੋਵੇਗੀ। ਇਸ ਸਾਰੀ ਸਥਿਤੀ ਨੂੰ ਵੇਖਦਿਆਂ ਹੋਇਆ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਇਹ ਸਾਰੀ ਪ੍ਰਕ੍ਰਿਆ ਇਕ ਸਾਲ ਵਿਚ ਪੂਰੀ ਹੋਣੀ ਬਹੁਤ ਮੁਸ਼ਕਲ ਹੈ।



ਪੰਜਾਬ ਪੀ. ਸੀ. ਐਮ. ਐਸ. ਡਾਕਟਰਾਂ ਨੇ ਵੀਰਵਾਰ ਨੂੰ ਆਪਣੀਆਂ ਮੰਗਾਂ ਦੇ ਹੱਕ ਵਿਚ ਚੰਡੀਗੜ੍ਹ ਦੇ ਸੈਕਟਰ 17 ਵਿਚ ਰੈਲੀ ਕੀਤੀ। ਤਸਵੀਰ ਵਿਚ ਡਾਕਟਰ ਆਪਣੀਆਂ ਮੰਗਾਂ ਦੇ ਹੱਕ ਵਿਚ ਤਖਤੀਆਂ ਚੁੱਕੀ ਖੜ੍ਹੇ ਹਨ।

ਸ਼ੁਭ ਵਿਆਹ!


ਪਿਨਟਿਕਟਿਨ — ਪਿਛਲੇ ਐਤਵਾਰ ਇਥੇ ਪਿਨਟਿਕਟਿਨ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਖਜ਼ਾਨਚੀ ਸ. ਮੇਜਰ ਸਿੰਘ ਧਾਲੀਵਾਲ ਦੇ ਭਤੀਜੇ ਚਮਕੌਰ ਸਿੰਘ ਧਾਲੀਵਾਲ ਸਪੁੱਤਰ ਸ: ਮੁਖਤਿਆਰ ਸਿੰਘ ਧਾਲੀਵਾਲ ਅਤੇ ਸ. ਨਛੱਤਰ ਸਿੰਘ ਸਿੱਧੂ ਦੀ ਭਤੀਜੀ ਬੀਬੀ ਸਵਰਨ ਕੌਰ ਸਪੁੱਤਰੀ ਸਵਰਗਵਾਸੀ ਗੁਰਮੇਲ ਸਿੰਘ ਸਿੱਧੂ ਦਾ ਆਨੰਦ ਕਾਰਜ ਗੁਰਮਰਿਆਦਾ ਅਨੁਸਾਰ ਹੋਇਆ। ਸ. ਨਛੱਤਰ ਸਿੰਘ ਸਿੱਧੂ ਦਾ ਪਰਵਾਰ ਦੇਸ਼ ਭਗਤਾਂ ਦਾ ਪਰਵਾਰ ਹੈ। ਇਨ੍ਹਾਂ ਦੇ ਦਾਦੇ ਦੇਸ਼ ਭਗਤ ਬਾਬਾ ਚੰਨਣ ਸਿੰਘ ਚੂਹੜਚੱਕ ਸਨ। ਇਨ੍ਹਾਂ ਦੇ ਪਿਤਾ ਸ: ਭਜਨ ਸਿੰਘ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਹਨ ਅਤੇ ਅਕਾਲੀ ਦਲ ਦੇ ਲੀਡਰ ਹਨ।

ਜੋੜੀ ਨੂੰ ਆਸ਼ੀਰਵਾਦ ਦੇਣ ਲਈ 300 ਦੇ ਕਰੀਬ ਮਹਿਮਾਨ ਪਹੁੰਚੇ ਹੋਏ ਸਨ। ਪ੍ਰੋ: ਫੁੱਲ ਦੇ ਰਾਗੀ ਜਥੇ ਨੇ ਕੀਰਤਨ ਕੀਤਾ ਅਤੇ ਕਰਮਜੀਤ ਗਰੇਵਾਲ ਤੇ ਗੁਰਦੇਵ ਸਿੰਘ ਮਸਤਾਨਾ ਨੇ ਵੀ ਗੀਤਾਂ ਰਾਹੀਂ ਜੋੜੀ ਨੂੰ ਆਸ਼ਰੀਵਾਦ ਦਿਤੀ। ਗੁਰੂ ਘਰ ਦੇ ਪ੍ਰਧਾਨ ਸ. ਨਿਰਮਲ ਸਿੰਘ ਸਰਾਂ ਨੇ ਆਏ ਮਹਿਮਾਨਾਂ ਦਾ ਸਿੱਧੂ ਅਤੇ ਧਾਲੀਵਾਲ ਪਰਵਾਰਾਂ ਵਲੋਂ ਧੰਨਵਾਦ ਕੀਤਾ।


ਸ਼ਾਮ ਨੂੰ ਹਾਲ ਵਿਚ ਪਾਰਟੀ ਸਮੇਂ ਕਰਮਜੀਤ ਗਰੇਵਾਲ ਅਤੇ ਗੁਰਦੇਵ ਸਿੰਘ ਮਸਤਾਨਾ ਨੇ ਤਿੰਨ ਘੰਟੇ ਵਧੀਆ ਰੰਗ ਬੰਨ੍ਹਿਆ। ਸਟੇਜ ਸਕੱਤਰ ਦੀ ਸੇਵਾ ਰਛਪਾਲ ਸਿੰਘ ਗਰੇਵਾਲ ਨੇ ਨਿਭਾਈ।



ਆਨੰਦ ਕਾਰਜ ਸਮੇਂ ਲਾਵਾਂ ਦੀ ਰਸਮ



ਗੁਰਦੇਵ ਸਿੰਘ ਮਸਤਾਨਾ ਸਿਹਰਾ ਪੜ੍ਹਦੇ ਹੋਏ



ਤੁਸਵੀਰ ਵਿਚ ਨਛੱਤਰ ਸਿੰਘ ਸਿੱਧੂ ਤੇ ਮੇਜਰ ਸਿੰਘ ਧਾਲੀਵਾਲ ਤੇ ਬਾਕੀ ਸੰਗਤ



ਪਾਰਟੀ ਸਮੇਂ ਦਾ ਦ੍ਰਿਸ਼.

ਗੁਰਸਿੱਖੀ ਅਤੇ ਅਰਦਾਸ

ਮੇਹਰ ਸਿੰਘ ਸੰਧੂ, ਵੈਨਕੂਵਰ

ਪ੍ਰਭ ਕੀਜੈ ਕ੍ਰਿਪਾ ਨਿਧਾਨ ਹਮ ਹਰਿ ਗੁਨ ਗਾਵਹਿਗੇ ॥
ਹਉ ਤੁਮਰੀ ਕਰਉ ਨਿਤ ਆਸ ਪ੍ਰਭ ਮੋਹਿ ਕਬ ਗਲਿ ਲਾਵਹਿਗੇ ॥
ਰਹਾਉ

ਹਮ ਬਾਰਿਕ ਮੁਗਧ ਇਆਨ ਪਿਤਾ ਸਮਝਾਵਹਿਗੇ ॥
ਸੁਤੁ ਖਿਨੁ ਖਿਨੁ ਭੂਲਿ ਬਿਗਾਰਿ ਜਗਤ ਪਿਤਾ ਭਾਵਹਿਗੇ ॥੧॥
ਜੋ ਹਰਿ ਸੁਆਮੀ ਤੁਮ ਦੇਹੁ ਸੋਈ ਹਮ ਪਾਵਹਿਗੇ ॥
ਮੋਹਿ ਦੂਜੀ ਨਾਹੀ ਠਉਰ ਜਿਸੁ ਪਹਿ ਹਮ ਜਾਵਹਿਗੇ ॥੨॥
ਜੋ ਹਰਿ ਭਾਵਹਿ ਭਗਤਿ ਤਿਨਾ ਹਰਿ ਭਾਵਹਿਗੇ ॥
ਜੋਤੀ ਜੋਤਿ ਮਿਲਾਇ ਜੋਤਿ ਰਲ ਜਾਵਹਿਗੇ ॥੩॥
ਹਰਿ ਆਪੇ ਹੋਇ ਕ੍ਰਿਪਾਲੁ ਆਪਿ ਲਿਵ ਲਾਵਹਿਗੇ ॥
ਜਨੁ ਨਾਨਕੁ ਸਰਨਿ ਦੁਆਰਿ ਹਰਿ ਲਾਜ ਰਖਾਵਹਿਗੇ ॥੪॥
ਗੁਰੂ ਰਾਮ ਦਾਸ ਜੀ

ਅਰਦਾਸ ਇਕ ਕਰਮ ਹੈ। ਹਰ ਕਰਮ ਦਾ ਫਲ ਜ਼ਰੂਰੀ ਹੁੰਦਾ ਹੈ। ਮਨ ਕਰਕੇ ਜਾਂ ਬਚਨਾਂ ਕਰਕੇ ਕੀਤੇ ਕਰਮਾਂ ਦਾ ਵੀ ਅਸਰ ਹੋਣੋਂ ਨਹੀਂ ਰਹਿ ਸਕਦਾ। ਹਰ ਅਰਦਾਸ ਚਾਹੇ ਉਹ ਕਿਸੇ ਵੀ ਭਾਵਨਾ ਨਾਲ ਕੀਤੀ ਜਾਵੇ, ਸਾਡੇ ਸੰਸਕਾਰਾਂ ਦੇ ਘੜੇ ਜਾਣ ਵਿਚ ਕਾਰਗਰ ਸਾਬਤ ਹੁੰਦੀ ਹੈ। ਹਰ ਅਰਦਾਸ ਦਾ ਅਸਰ ਜ਼ਰੂਰੀ ਹੁੰਦਾ ਹੈ, ਚਾਹੇ ਥੋੜਾ ਚਾਹੇ ਬਹੁਤਾ। ਇਸੇ ਨੂੰ ਪ੍ਰਮਾਤਮਾ ਦਾ ਮੁਰਾਦਾਂ ਪੂਰਨ ਕਰਨ ਵਾਲਾ ਬਿਰਦ ਦਸਿਆ ਹੈ ....

— ਜੈਸੀ ਭੂਖ ਹੋਇ ਅਭ ਅੰਤਰਿ
ਤੂੰ ਸਮਰਥ ਸਚੁ ਦੇਵਣਹਾਰ। (503)
— ਜੈਸੀ ਭੂਖ ਤੈਸੀ ਕਾ ਪੂਰਕ
ਸਗਲ ਘਟਾ ਕਾ ਸੁਆਮੀ। (613)
— ਜੋ ਇਛਹਿ ਸੋਈ ਫਲ ਪਾਵਹਿ
ਬਿਰਥੀ ਆਸ ਨ ਜਾਈ। (628)

ਅਰਦਾਸ ਦੇ ਮਨਜ਼ੂਰ ਹੋਣ ਲਈ ਸ਼ੁਧ ਹਿਰਦੇ, ਮਨ ਦੀ ਇਕਾਗਰਤਾ ਤੇ ਅਰਦਾਸ ਦੇ ਪ੍ਰਵਾਨ ਹੋ ਜਾਣ ਵਿਚ ਪੂਰਨ ਵਿਸ਼ਵਾਸ਼ ਦੀ ਲੋੜ ਹੈ। ਜੇ ਇਨ੍ਹਾਂ ਵਿਚੋਂ ਕਿਤੇ ਕੋਈ ਕਸਰ ਰਹਿ ਜਾਵੇ, ਤਾਂ ਅਰਦਾਸ ਦਾ ਮਨਜ਼ੂਰ ਹੋਣਾ ਯਕੀਨੀ ਨਹੀਂ ਹੁੰਦਾ।

ਫਲ ਹਰ ਅਰਦਾਸ ਦਾ ਹੋਣਾ ਹੀ ਹੁੰਦਾ ਹੈ ਪਰ 'ਜਨ' ਦੀ ਅਰਦਾਸ ਤਾਂ ਕਦੀ ਵੀ ਬਿਰਥੀ ਜਾ ਨਹੀਂ ਸਕਦੀ ....

— ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ (819)
— ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ (403)

ਜਨ ਕੌਣ ਹੈ, ਜਾਂ ਜਨ ਦੇ ਕੀ ਲੱਛਣ ਹੁੰਦੇ ਹਨ, ਇਸ ਸਬੰਧੀ ਕਈ ਵਿਚਾਰ ਹਨ।

— ਜਨ ਕੀ ਮਹਿਮਾ ਕਥੀ ਨ ਜਾਇ। (193)
— ਹਰਿ ਜਨ ਪ੍ਰਭੁ ਰਲਿ ਏਕੋ ਹੋਏ,
ਹਰਿ ਜਨ ਪ੍ਰਭ ਏਕ ਸਮਾਨਿ ਜੀਉ। (447)

ਸੇਵਕੁ ਕੌਣ

ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ।
ਸਤਿਗੁਰ ਕ ਭਾਣਾ ਮੰਨਿ ਲਏ ਸ਼ਬਦੁ ਰਖੈ ਉਰਧਾਰਿ ॥

ਸਰੀਰਕ ਸੁਖਾਂ, ਦੁਨਿਆਵੀ ਵਡਿਆਈਆਂ ਜਾਂ ਸੰਸਾਰਕ ਪਦਾਰਥਾਂ ਲਈ ਅਰਦਾਸਾਂ ਕਰਦੇ ਰਹਿਣਾ ਕਮਜ਼ੋਰੀ ਹੈ। ਇਹ ਗੁਰਸਿੱਖੀ ਨੂੰ ਨਹੀਂ ਸੋਭਦੀ। ਗੁਰਸਿੱਖ ਜਾਣਦਾ ਹੈ ਕਿ ਸੰਸਾਰ ਆਪ ਨਾਸਵੰਤ ਹੈ ....

— ਆਵਾ ਗਉਣ ਹੈ ਸੰਸਾਰਾ। (1051)
— ਜੋ ਦੀਸੈ ਸੋ ਵਿਣਸਣਾ ਸਭ ਬਿਨਸਿ ਬਿਨਾਸੀ। (1100)

ਸੰਸਾਰ ਝੂਠ ਹੈ —

ਝੂਠਾ ਇਹੁ ਸੰਸਾਰੁ ਕਿਨਿ ਸਮਝਾਈਐ। (146)
— ਲੋਭ ਵਿਆਪੀ ਝੂਠੀ ਦੁਨੀਆ। (1004)
— ਐਸੇ ਝੂਠਿ ਮੁਠੇ ਸੰਸਾਰਾ। (1330)

ਸੰਸਾਰ ਮਿਥਿਆ ਹੈ —

— ਰਾਮ ਨਾਮ ਬਿਨੁ ਮਿਥਿਆ ਮਾਨੋ ਸਗਰੋ ਇਹ ਸੰਸਾਰਾ (703)
— ਮਿਥਿਆ ਮੋਹੁ ਸੰਸਾਰੁ ਝੂਠਾ ਵਿਣਸਣਾ। (399)
— ਮਿਥਿਆ ਵਸਤੁ ਸਤਿ ਕਰਿ ਮਾਨੀ। (1004)

ਸੰਸਾਰ ਸੁਪਨਾ ਹੈ —

ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰੁ। (808)
ਸਮ ਸੁਪਨੈ ਕੈ ਇਹੁ ਜਗੁ ਜਾਨੁ। (1187)
ਇਆ ਸੰਸਾਰੁ ਸਗਲ ਹੈ ਸੁਪਨਾ। (258)

ਧੂੰਏਂ ਦਾ ਪਹਾੜ ਹੈ

— ਇਹੁ ਜਗੁ ਧੂਏਂ ਕਾ ਪਹਾਰ। (1187)

ਸੰਸਾਰ ਬਿਕਾਰ ਹੈ —

— ਇਹੁ ਸੰਸਾਰੁ ਸਗਲ ਬਿਕਾਰੁ। (1327)

ਜਿਸ ਨੇ ਇਹ ਸਮਝ ਲਿਆ ਹੋਵੇ ਕਿ ਸੰਸਾਰ ਨਾਸਵੰਤ ਹੈ, ਝੂਠ ਹੈ, ਮਿਥਿਆ ਹੈ, ਸੁਪਨਾ ਹੈ, ਧੂੰਏਂ ਦਾ ਪਹਾੜ ਹੈ, ਉਹ ਸਰੀਰਕ ਸੁਖਾਂ, ਦੁਨਿਆਵੀ ਵਡਿਆਈਆਂ ਜਾਂ ਸੰਸਾਰਕ ਪਦਾਰਥਾਂ ਲਈ ਕਿਵੇਂ ਅਰਦਾਸਾਂ ਕਰ ਸਕਦਾ ਹੈ?

ਉਹ ਸਾਡਾ ਮਿੱਤਰ ਹੈ। ਜੋ ਮਿੱਤਰ ਕਰਦਾ ਹੈ ਉਹ ਠੀਕ ਤੇ ਸਾਡੇ ਭਲੇ ਲਈ ਹੀ ਕਰਦਾ ਹੈ, ਇਹ ਮਨੁੱਖ ਦਾ ਵਿਸ਼ਵਾਸ਼ ਹੋਣਾ ਚਾਹੀਦਾ ਹੈ

ਹਰਿ ਜੀਉ ਜਾ ਤੂ ਮੇਰਾ ਮ੍ਰਿਤ ਹੈ ਤਾਂ ਕਿਆ ਮੈ ਕਾੜਾ। (1097)
— ਜਿਥੈ ਰਖੇ ਸਾ ਭਲੀ ਜਾਏ ....। (108)
ਤੇਰੈ ਘਰਿ ਸਦਾ ਸਦਾ ਹੈ ਨਿਆਉ। (376)

ਗੁਰੂ-ਘਰ ਵਿਚ ਅਰਦਾਸ ਦੀ ਬਹੁਤ ਮਹਾਨਤਾ ਹੈ। ਪਰੰਤੂ ਇਹ ਮਹਾਨਤਾ ਉਨ੍ਹਾਂ ਅਰਦਾਸਾਂ ਦੀ ਹੈ ਜਿਨ੍ਹਾਂ ਵਿਚ ਮੰਗ ਨਿਰੋਲ ਨਾਮ ਦੀ ਹੋਵੇ, ਜਿਨ੍ਹਾਂ ਵਿਚ ਉਸ ਪ੍ਰਭੂ ਬਿਨਾਂ ਹੋਰ ਕੋਈ ਮੰਗ ਨਾ ਹੋਵੇ। ਸਰੀਰਕ ਸੁਖਾਂ, ਦੁਨਿਆਵੀ ਵਡਿਆਈਆਂ ਜਾਂ ਸੰਸਾਰਕ ਪਦਾਰਥਾਂ ਲਈ ਅਰਦਾਸ ਦੀ ਕੋਈ ਮਹਾਨਤਾ ਨਹੀਂ ਚਾਹੇ ਉਹ ਕਿਸੇ ਗੁਰਦੁਆਰੇ ਕੀਤੀ ਜਾਵੇ ਜਾਂ ਕਿਸੇ ਗੁਣੀ ਗਿਆਨੀ ਦਰਸ਼ਨੀ-ਸੰਤ ਪਾਸੋਂ ਕਰਵਾਈ ਜਾਵੇ। ਅਖੰਡਪਾਠ ਸੁਖਣੇ ਜਾਂ ਹੋਰ ਮੰਨਤਾਂ ਮੰਨਣੀਆਂ ਤਾਂ ਪਰਮਾਤਮਾ ਨਾਲ ਵਪਾਰ ਹੈ, ਸੌਦਾ ਹੈ। ਇਸ ਵਿਚ ਕੋਈ ਉਚਤਾ ਜਾਂ ਵਡਿਆਈ ਨਹੀਂ, ਤੇ ਨਾ ਹੀ ਇਸ ਤਰ੍ਹਾਂ ਆਤਮਕ ਉਨਤੀ ਹੋ ਸਕਦੀ ਹੈ।

ਸਾਡਾ ਮਿੱਤਰ ਸਰਬ ਵਿਆਪਕ ਹੈ। ਉਹ ਅੰਤਰਜਾਮੀ ਹੈ, ਘੱਟ ਘੱਟ ਵਿਚ ਵਸਦਾ ਹੈ ਘੱਟ ਘੱਟ ਦੀ ਜਾਣਦਾ ਹੈ। ਉਸ ਤੋਂ ਗੁੱਝਾ-ਛਿਪਾ ਨਹੀਂ। ਸਾਡੇ ਕਹਿਣ ਤੋਂ ਪਹਿਲਾਂ ਹੀ ਉਸ ਨੂੰ ਪਤਾ ਹੁੰਦਾ ਹੈ ਕਿ ਅਸੀਂ ਕੀ ਕਹਿਣਾ ਹੈ

ਪ੍ਰਭ ਮੇਰੇ ਸਭ ਬਿਧ ਆਗੈ ਜਾਨੀ। (403)
ਅੰਤਰਜਾਮੀ ਜਾਨੈ, ਬਿਨੁ ਬੋਲਤ ਆਪਿ ਪਛਾਨੇ। (621)
ਹਰਿ ਅੰਤਰਜਾਮੀ ਸਭ ਬਿਧਿ ਜਾਣੈ
ਤਾ ਕਿਸੁ ਪਹਿ ਆਖਿ ਸੁਣਾਈਐ। (625)
ਤੂੰ ਕਰਤਾ ਸਭੁ ਕਿਛੁ ਆਪੇ ਜਾਣਹਿ,
ਕਿਆ ਤੁਧੁ ਪਹਿ ਆਖਿ ਸੁਣਾਈਐ। (735)
ਤੂੰ ਆਪੇ ਸਭੁ ਕਿਛੁ ਜਾਣਦਾ ਕਿਸੁ ਆਗੈ ਕਰੀ ਪੁਕਾਰ। (1258)
ਕਿਆ ਦੀਨੁ ਕਰੇ ਅਰਦਾਸਿ ਜਉ ਸਭ ਘਟਿ ਪ੍ਰਭੂ ਨਿਵਾਸ। (1304)
ਸਾਹਿਬ ਸਦਾ ਹਦੂਰਿ ਹੈ ਕਿਆ ਉਚੀ ਕਰਹਿ ਪੁਕਾਰ। (1320)

ਜੇ ਪਰਮਾਤਮਾ ਨੂੰ ਮਿੱਤਰ ਕਿਹਾ ਹੈ ਤੇ ਉਹ ਅੰਤਰਜਾਮੀ ਹੈ, ਤਾਂ ਸਾਨੂੰ ਵਿਸ਼ਵਾਸ਼ ਹੋਣਾ ਚਾਹੀਦਾ ਹੈ ਕਿ ਸਾਡਾ ਹਿਤੂ ਹੋਣ ਕਰਕੇ, ਜੋ ਕਰੇਗਾ ਚੰਗਾ ਹੀ ਕਰੇਗਾ। ਅਜਿਹੀ ਹਾਲਤ ਵਿਚ ਬਹੁਤੀਆਂ ਅਰਦਾਸਾਂ ਦੀ ਲੋੜ ਨਹੀਂ ਰਹਿਣੀ ਚਾਹੀਦੀ। ਗੁਰੂ ਸਾਹਿਬਾਂ ਨੇ ਇਹ ਵੀ ਖੋਲ੍ਹ ਕੇ ਦੱਸ ਦਿਤਾ ਹੈ ਕਿ ਅਰਦਾਸ ਕਿਸ ਲਈ ਕਰਨੀ ਹੈ।

ਇਹ ਅਰਦਾਸ ਹਮਾਰੀ ਸੁਆਮੀ ਵਿਸਰੁ ਨਾਹੀ ਸੁਖ ਦਾਤੇ। (747)
ਨਾਨਕ ਕੀ ਅਰਦਾਸ ਸੁਨੀਜੈ ਕੇਵਲ ਨਾਮੁ ਰਿਦੇ ਮਹਿ ਦੀਜੈ। (389)

ਉਚੀ ਤੋਂ ਉਚੀ, ਸਭ ਤੋਂ ਉਚੀ ਅਰਦਾਸ ਪ੍ਰਮਾਤਮਾ ਦੇ ਭਾਣੇ ਵਿਚ ਰਹਿ ਸਕਣ ਦੀ ਹੀ ਹੋ ਸਕਦੀ ਹੈ। ਭਾਣੇ ਤੋਂ ਉਚੀ ਅਵਸਥਾ ਨਾ ਕੋਈ ਹੈ ਤੇ ਨਾ ਹੀ ਹੋ ਸਕਦੀ ਹੈ। ਜਿੰਨਾ ਜਿੰਨਾ ਸਿੱਖ ਭਾਣੇ ਵਿਚ ਆਉਂਦਾ ਹੈ ਉਨਾ ਉਨਾ ਉਸ ਦੀਆਂ ਅਰਦਾਸਾਂ ਘਟਦੀਆਂ ਤੇ ਭਾਣੇ ਵਿਚ ਹੀ ਸਮਾ ਜਾਂਦੀਆਂ ਹਨ। ਉਸ ਲਈ ਨਾਮ ਸਿਮਰਨਾ ਤੇ ਭਾਣੇ ਵਿਚ ਰਹਿਣਾ ਹੀ ਅਰਦਾਸ ਹੈ।

"ਹੁਕਮਿ ਰਜਾਈ ਚਲਣਾ" ਗੁਰਮਤ ਦਾ ਸਭ ਤੋਂ ਵੱਡਾ ਅਸੂਲ ਹੈ। ਅਸਾਡੀ ਅਰਦਾਸ ਨਾਮ ਸਿਮਰਣ ਲਈ ਅਤੇ ਹੁਕਮ ਤੇ ਚਲਣ ਦੀ ਸਮਰੱਥਾ ਲਈ ਹੋਣੀ ਚਾਹੀਦੀ ਹੈ। ਸਰਬ ਸੰਸਾਰ ਲਈ ਚਾਹੀਦੀ ਹੈ, ਸਰਬ ਮਨੁਖ ਮਾਤਰ ਲਈ ਚਾਹੀਦੀ ਹੈ।

ਸਾਡੀ ਅਰਦਾਸ

ਸਾਡੀ ਸੰਗਤ ਦੀ ਅਰਦਾਸ ਬਹੁਤ ਹੱਦ ਤੱਕ ਇਕ ਰਸਮ ਜਾਂ ਰਿਵਾਜ ਬਣ ਚੁਕੀ ਹੋਈ ਹੈ।

ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ। (28)

ਕਿਸੇ ਹਦ ਤੱਕ ਸੰਗਤ ਦੀ ਅਰਦਾਸ ਇਕ ਰਸਮ ਪੂਰੀ ਕਰਨ ਦੇ ਤੁਲ ਬਣ ਗਈ ਹੈ। ਹਰ ਇਕ ਮੌਕੇ ਲਈ ਅਰਦਾਸ ਗਿਣੀ ਮਿਥੀ ਤੇ ਕੰਠ ਹੋਈ ਹੋਈ ਹੁੰਦੀ ਹੈ। ਸੰਗਤ ਵਿਚ ਖੜੇ ਹੋ ਕੇ ਦੋਵੇਂ ਹਥ ਜੋੜ ਕੇ ਉਸ ਦਾ ਪਾਠ ਕਰਨਾ ਹੀ ਬਾਕੀ ਰਹਿ ਗਿਆ ਹੁੰਦਾ ਹੈ। ਜੇ ਬਹੁਤੇ ਵਿਅਕਤੀਆਂ ਵਲੋਂ ਅਰਦਾਸ ਕਰਨੀ ਹੋਵੇ ਤਾਂ ਨਾਮ ਲਿਸਟ ਤੋਂ ਪੜ੍ਹ ਕੇ ਸੁਣਾ ਦਿਤੇ ਜਾਂਦੇ ਹਨ। ਜੇ ਕੋਈ ਵਧ ਘਟ ਹੋ ਜਾਵੇ ਤਾਂ ਹੌਲੀ ਜੇਹੀ ਕੰਨ ਵਿਚ ਦਸ ਦਿਤਾ ਜਾਂਦਾ ਹੈ। ਇਹ ਇਕ ਨਿਯਮ ਪੂਰਾ ਕਰਨਾ ਹੈ।

ਮਾਇਆ ਬਿਆਪਤ ਬਹੁ ਪਰਕਾਰੀ। (182)

ਗੁਰਮਤਿ ਤਾਂ ਉਸ ਅਕਾਲ ਪੁਰਖ ਵਿਚ ਪੱਕਾ ਵਿਸ਼ਵਾਸ਼ ਸਿਖਾਉਂਦੀ ਹੈ ਜੋ ਬਿਨਾਂ ਕਹੇ ਤੇ ਦਸੇ ਸਭ ਕੁਝ ਤੁਹਾਡੇ ਹਿਰਦੇ ਦੀ ਜਾਣਦਾ ਹੈ। ਉਸ ਨੂੰ ਬਹੁਤ ਕੁਝ ਕਹਿਣ ਜਾਂ ਦਸਣ ਦੀ ਲੋੜ ਨਹੀਂ। ਪ੍ਰਮਾਤਮਾ ਦੀ ਬੋਲੀ ਪ੍ਰੇਮ ਹੈ।

ਸਰਬ ਰੀ ਪ੍ਰੀਤਿ ਪਿਆਰੁ। (1229)

ਲੋੜ ਸ਼ੁਧ ਹਿਰਦੇ ਤੇ ਨੇਕ-ਨੀਯਤੀ ਦੀ ਹੈ। ਜਿੰਨਾ ਚਿਰ ਸਾਡਾ ਮਨ ਸਾਫ ਨਹੀਂ, ਅਰਦਾਸ ਕਬੂਲ ਨਹੀਂ ਹੋ ਸਕਦੀ। ਉਹ ਖਾਲੀ ਸੰਖ ਵਜਾਉਣ ਵਾਂਗ ਹੈ।

ਖੁਦਾ ਮਨਜ਼ੂਰ ਕਰਤਾ ਹੈ ਦੁਆ, ਜੋ ਦਿਲ ਸੇ ਹੋਤੀ ਹੈ।
ਮੁਸ਼ਕਲ ਤੋ ਯਹ ਹੈ ਕਿ ਮੁਸ਼ਕਲ ਸੇ ਹੋਤੀ ਹੈ।

ਬਹੁਤ ਹੱਦ ਤੱਕ ਅਰਦਾਸ ਕਰਨੀ ਧਾਰਮਿਕ ਸੰਸਥਾਵਾਂ ਦੇ ਸੰਚਾਲਕਾਂ ਦਾ ਰੁਜ਼ਗਾਰ ਬਣ ਗਿਆ ਹੈ। ਕਿਉਂਕਿ ਉਨ੍ਹਾਂ ਨੂੰ ਮਾਇਆ ਮਿਲਣੀ ਹੁੰਦੀ ਹੈ ਉਹ ਸਾਡੀ ਮਨ-ਮਰਜ਼ੀ ਦੀ ਅਰਦਾਸ ਲਈ ਹਮੇਸ਼ਾਂ ਤਿਆਰ ਹੁੰਦੇ ਹਨ।

ਜੋ ਪੈਸੇ ਦੇਵੇ ਉਸ ਲਈ ਉਸ ਦੇ ਮਤਲਬ ਦੀ ਅਰਦਾਸ ਹੋ ਜਾਂਦੀ ਹੈ। ਕਈ ਵਾਰੀਂ ਅਰਦਾਸ ਕਰਨ ਵਾਲੇ ਮੁਕੱਦਮੇ ਦੇ ਦੋਵੇਂ ਪਾਸਿਆਂ ਲਈ ਵੀ ਅਰਦਾਸ ਕਰਨੋਂ ਸੰਕੋਚ ਨਹੀਂ ਕਰਦੇ। ਕਿਸੇ ਨੇ ਠੱਗੀ ਚੋਰੀ ਕੀਤੀ ਹੋਵੇ ਉਸ ਲਈ ਵੀ ਚੰਗੇ ਵਿਸ਼ੇਸ਼ਣ ਵਰਤੇ ਜਾਂਦੇ ਹਨ। ਕਾਲੇ ਧਨ ਦੀ ਕਮਾਈ ਵਾਲਿਆਂ ਲਈ ਉਨ੍ਹਾਂ ਦੇ ਖਜ਼ਾਨੇ ਭਰਪੂਰ ਕਰਨ ਲਈ ਅਰਦਾਸ ਹੋ ਰਹੀ ਹੁੰਦੀ ਹੈ।

ਭਾਈ ਜੀ ਨੂੰ ਤਾਂ ਆਪਣੀ ਭੇਟਾ ਚਾਹੀਦੀ ਹੈ, ਉਨ੍ਹਾਂ ਨੂੰ ਅਰਦਾਸ ਦੇ ਯੋਗ-ਅਯੋਗ ਹੋਣ ਦਾ ਕੋਈ ਫਰਕ ਨਹੀਂ। ਰਸਮੀ ਵਿਖਾਲੇ ਦੀਆਂ ਅਰਦਾਸਾਂ ਬੇਅਰਥ ਹਨ, ਚਾਹੇ ਅਰਦਾਸ ਕਰਨ ਵਾਲਾ ਗਲੇ ਵਿਚ ਪੱਲਾ ਪਾ ਕੇ ਕਰੇ, ਜਾਂ ਅੱਖਾਂ ਮੀਟ ਕੇ।

ਜੇ ਅਸੀਂ ਕਿਸੇ ਮੰਦੇ ਹੋ ਗਏ ਕਰਮ ਦੀ ਪ੍ਰਮਾਤਮਾ ਪਾਸੋਂ ਮੁਆਫੀ ਚਾਹੁੰਦੇ ਹਾਂ ਤਾਂ ਗ਼ੈਰਤ ਮੰਗ ਕਰਦੀ ਹੈ ਕਿ ਅਸੀਂ ਖੁਦ ਆਪ ਮੁਆਫੀ ਮੰਗੀਏ।

ਅਸੀਂ ਅਰਦਾਸ ਵਿਚ ਪੜ੍ਹਦੇ ਹਾਂ, ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ, ਸਿੱਖੀ ਕੇਸਾਂ ਸਵਾਸਾਂ ਨਾਲ ਨਿਭਾਈ, ਕਹਿ ਕੇ ਵਾਹਿਗੁਰੂ ਦਾ ਉਚਾਰਣ ਕੀਤਾ ਜਾਂਦਾ ਹੈ।

ਗੁਰਸਿੱਖੀ ਆਤਮਕ ਜੀਵਨ ਜਾਚ ਹੈ, ਕਿਸੇ ਮਜ਼ਹਬ ਪੰਥ ਦਾ ਨਾਮ ਨਹੀਂ ਜੋ ਕੋਈ ਵੀ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਜਾਂ ਉਸ ਦੇ ਅਨੁਕੂਲ ਬਾਣੀ ਦਾ ਪਾਲਣ ਕਰੇ, ਉਹ ਸਿੱਖ ਹੈ, ਭਾਵੇਂ ਉਸ ਨੂੰ ਹਿੰਦੂ ਕਿਹਾ ਜਾਏ, ਮੁਸਲਮਾਨ, ਈਸਾਈ ਜਾਂ ਕੁਝ ਹੋਰ।

ਕਿਉਂਕਿ ਗੁਰਸਿੱਖੀ ਦੇ ਆਦਰਸ਼, ਰੱਬ ਨਾਲ ਮਿਲਾਪ ਲਈ ਕੇਸਾਂ ਦਾ ਰਖਣਾ ਲਾਜ਼ਮੀ ਨਹੀਂ, ਇਸ ਲਈ "ਕੇਸਾਂ ਸਵਾਸਾਂ ਨਾਲ ਨਿਭਾਈ" ਕਹਿਣਾ ਯੋਗ ਨਹੀਂ ਜਾਪਦਾ। ਇਸ ਤੋਂ ਉਪਰੰਤ ਇਹ ਵੀ ਵਿਚਾਰਣਯੋਗ ਹੈ ਕਿ ਅਰਦਾਸ ਵਿਚ ਪੀਰ ਬੁਧੂ ਸ਼ਾਹ ਜੀ ਜਿਨਾਂ ਨੇ ਦਸਮੇਸ਼ ਜੀ ਨਾਲ ਹੋ ਕੇ ਆਪਦਾ ਸਾਰਾ ਪਰਵਾਰ ਕੁਰਬਾਨ ਕਰ ਦਿਤਾ ਅਤੇ ਭਾਈ ਦਿਆਲ ਜੀ ਜਾਂ ਭਾਈ ਮਤੀ ਦਾਸ ਜੀ ਦਾ ਨਾਮ ਕਿਉਂ ਨਹੀਂ ਲਿਆ ਜਾਂਦਾ।

ਕੀ ਇਨ੍ਹਾਂ ਦੀਆਂ ਕੁਰਬਾਨੀਆਂ ਹੋਰ ਕਿਸੇ ਨਾਲੋਂ ਘੱਟ ਸਨ? ਕੀ ਪੀਰ ਬੁਧੂ ਸ਼ਾਹ ਜੀ, ਜੋ ਮੁਸਲਮਾਨ ਸਨ ਅਤੇ ਭਾਈ ਮਤੀ ਦਾਸ ਜੀ, ਭਾਈ ਦਿਆਲ ਜੀ ਜਾਂ ਹੋਰ ਉਹ ਮਹਾਂ ਪੁਰਸ਼ ਜੋ ਸਿੰਘ ਨਹੀਂ ਸਨ, ਦਾ ਅਰਦਾਸ ਵਿਚ ਨਾਮ ਲਿਆ ਜਾਣਾ ਵਧੇਰੇ ਜ਼ਰੂਰੀ ਨਹੀਂ?

ਕੀ ਇਨ੍ਹਾਂ ਮਹਾਂ ਪੁਰਸ਼ਾਂ ਨੂੰ ਚੇਤੇ ਨਾ ਕਰਨਾ ਤੰਗ ਦਿਲੀ ਜਾਂ ਫਿਰਕਾਪ੍ਰਸਤੀ ਨਹੀਂ?

ਭਾਈ ਗੁਰਦਾਸ ਜੀ ਨੇ ਪੈਂਤੀਵੀਂ ਵਾਰ ਵਿਚ ਜੋ ਲਿਖਿਆ ਹੈ, ਪੜ੍ਹਨਯੋਗ ਤੇ ਇਸ ਵਿਸ਼ੇ ਉਤੇ ਪੂਰਾ ਢੁਕਦਾ ਹੈ।

ਅਸੀਂ ਅਰਦਾਸ ਵਿਚ "ਨਾਮ ਦਾਨ" ਦੇ ਨਾਲ "ਕੇਸ ਦਾਨ" ਮੰਗਦੇ ਹਨ। ਕੇਸ ਦਾਨ ਕਹਿਣਾ ਥੋੜੇ ਚਿਰ ਤੋਂ ਹੀ ਸ਼ੁਰੂ ਹੋਇਆ ਹੈ ਪਹਿਲਾਂ ਨਹੀਂ ਸੀ। ਇਹ ਕੇਸਾਂ ਨੂੰ ਨਾਮ ਦੀ ਤੁਲਣਾ ਦੇਣੀ ਹੈ, ਜੋ ਸਰਾਸਰ ਅਯੋਗ ਹੈ। ਕੋਈ ਲਾਜ਼ਮੀ ਰਹਿਤ ਮਰਯਾਦਾ ਭੀ ਨਾਮ ਦੀ ਬਰਾਬਰੀ ਨਹੀਂ ਕਰ ਸਕਦੀ।

ਨਾਮ ਅਤੇ ਨਾਮੀ ਵਿਚ ਫਰਕ ਨਹੀਂ, ਤੇ ਨਾ ਕੇਸ ਰਖਣ ਨੂੰ ਦਰਗਾਹੀ ਹੁਕਮ, ਧੁਰੋਂ ਆਈ ਨਿਰੰਕਾਰੀ ਬਾਣੀ ਕਿਹਾ ਜਾ ਸਕਦਾ ਹੈ। ਇਹ ਵੀ ਧਿਆਨ ਕਰਨਾ ਹੈ ਕਿ ਦਾਨ ਉਸ ਵਸਤ ਦਾ ਮੰਗੀ ਦਾ ਹੈ, ਜੋ ਪਹਿਲਾਂ ਪਾਸ ਨਾ ਹੋਵੇ ਜਾਂ ਜਿਸ ਦੀ ਲੋੜ ਹੋਵੇ।

ਕੇਸ, ਅਜੇ ਜੀਅ ਮਾਂ ਦੇ ਪੇਟ ਵਿਚ ਹੁੰਦਾ ਹੈ, ਤਦ ਤੋਂ ਹੀ ਰੱਬ ਨੇ ਕੇਸ ਦਿਤੇ ਹੋਏ ਹੁੰਦੇ ਹਨ। ਜਨਮ ਤੋਂ ਲੈ ਕੇ ਮਰਨ ਤੱਕ, ਅਨ ਮੰਗਿਆ ਹੀ ਕੇਸ ਦਾਨ ਹੁੰਦਾ ਰਹਿੰਦਾ ਹੈ, ਸਗੋਂ ਮਨੁੱਖ ਉਸ ਨੂੰ ਬੇਲੋੜਾ ਸਮਝ ਕੇ ਕਈ ਤਰੀਕਿਆਂ ਨਾਲ ਉਸ ਤੋਂ ਛੁਟਕਾਰਾ ਪਾਣ ਦਾ ਜਤਨ ਕਰਦਾ ਰਹਿੰਦਾ ਹੈ।

ਜਿਵੇਂ ਪਹਿਲੇ ਵੀ ਕਿਹਾ ਹੈ ਕਿ ਗੁਰਸਿੱਖ ਦਾ ਪਰਮ ਧਰਮ, ਨਾਮ ਜਪਣਾ ਤੇ ਨਿਰਮਲ ਕਰਮ ਕਰਨਾ ਹੈ ਅਤੇ ਹਰ ਕੋਈ ਆਪਣੇ ਆਪਣੇ ਦੇਸ, ਮਜ਼ਹਬ, ਕੌਮ ਵਿਚ ਹੁੰਦਾ ਵੀ ਇਸ ਪਰਮ ਧਰਮ ਦੀ ਕਮਾਈ ਕਰ ਸਕਦਾ ਹੈ।

ਸੰਗਤ ਵਿਚ ਹਰ ਜ਼ਾਤ ਵਰਨ ਵਾਲੇ ਨੂੰ ਆਉਣ ਦੀ ਆਗਿਆ ਹੈ, ਇਸ ਲਈ "ਕੇਸ ਦਾਨ" ਸੰਗਤ ਦੀ ਅਰਦਾਸ ਨਹੀਂ ਕਿਹਾ ਜਾ ਸਕਦਾ। ਸੰਗਤ ਦੀ ਅਰਦਾਸ ਕੇਵਲ ਉਹ ਹੋ ਸਕਦੀ ਹੈ ਜੋ ਸਭ ਦੀ ਸਾਂਝੀ ਹੋਵੇ।

ਇਹ ਵੀ ਚੇਤੇ ਰਹੇ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਤ ਸੰਗਤ ਉਸ ਨੂੰ ਕਿਹਾ ਹੈ, ਜਿਥੇ ਨਿਰੋਲ ਇਕੋ ਨਾਮ ਹੋਵੇ। ਜਿਥੇ ਰੱਬ ਦੇ ਨਾਮ ਤੋਂ ਬਿਨਾਂ ਹੋਰ ਕੁਝ ਵੀ ਹੋਵੇ, ਉਸ ਨੂੰ ਸਤ ਸੰਗਤ ਨਹੀਂ ਕਿਹਾ ਜਾ ਸਕਦਾ।

ਸਤ ਸੰਗਤਿ ਕੈਸੀ ਜਾਣੀਐ।
ਜਿਥੈ ਏਕੋ ਨਾਮੁ ਬਖਾਣੀਐ। (72)

ਨਾਮ ਦਾਨ ਦੇ ਨਾਲ, ਕੇਸ ਦਾਨ, ਰਹਿਤ ਦਾਨ, ਮੰਗਿਆ ਜਾਂਦਾ ਹੈ। ਨਾਮ ਦਾ ਦਰਜਾ ਸਾਰੀਆਂ ਰਹਿਤਾਂ ਤੋਂ ਬਹੁਤ ਉਚਾ ਹੈ। ਕਿਸੇ ਰਹਿਤ ਨੂੰ ਵੀ ਨਾਮ ਦੇ ਨਾਲ ਤੁਲਣਾ ਨਹੀਂ ਦਿਤੀ ਜਾ ਸਕਦੀ। ਭਾਈ ਕਾਨ੍ਹ ਸਿੰਘ ਜੀ ਨਾਭਾ ਨੇ

ਬਾਕੀ ਪੰਨਾ 12 'ਤੇ

ਪੰਨਾ 15 ਦੀ ਬਾਕੀ

ਅਰਦਾਸ ਦਾ ਜੋ ਪਾਠ "ਗੁਰਮਤਿ ਸੁਧਾਕਰ" ਵਿਚ ਦਿਤਾ ਹੈ, ਉਸ ਵਿਚ ਕੇਸ ਦਾਨ, ਰਹਿਤ ਦਾਨ ਨਹੀਂ ਲਿਖਿਆ।

ਗੁਰਬਾਣੀ ਕੇਵਲ ਨਾਮਦਾਨ, ਕਰਤੇ ਨਾਲ ਬਣ ਆਉਣ ਤੇ ਭਾਣਾ ਮੰਨਣ ਦੀ ਸਮਰਥਾ ਦੀ ਸਿਖਿਆ ਦੇਂਦੀ ਹੈ।

ਸਾ ਬੁਧਿ ਦੀਜੈ ਜਿਤੁ ਵਿਸਰਹਿ ਨਾਹੀ।
ਸਾ ਮਤਿ ਦੀਜੈ ਜਿਤੁ ਤੁਧੁ ਧਿਆਈ। (100)
ਇਹ ਅਰਦਾਸ ਹਮਾਰੀ ਸੁਆਮੀ, ਵਿਸਰੁ ਨਾਹੀ ਸੁਖ ਦਾਤੇ। (747)

ਅਸੀਂ ਅਰਦਾਸ ਵਿਚ ਮੰਗ ਕਰਦੇ ਹਾਂ ਕਿ ਜਿਨ੍ਹਾਂ ਗੁਰਦੁਆਰਿਆਂ ਤੋਂ ਸਾਨੂੰ ਵਿਛੋੜਿਆ ਗਿਆ ਹੈ, ਉਨ੍ਹਾਂ ਦੀ ਸੇਵਾ-ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖਸ਼ੋ।

ਇਹ ਅਰਦਾਸ ਕਰਦੇ ਵੀਹ ਸਾਲਾਂ ਤੋਂ ਉਤੇ ਹੋ ਗਏ ਹਨ ਪਰ ਅਜੇ ਤੱਕ ਸੁਣੀ ਨਹੀਂ ਗਈ।

ਸੋਚਣਾ ਚਾਹੀਦਾ ਹੈ ਕਿ ਜਾਂ ਤਾਂ ਸਾਡੀ ਮੰਗ ਵਿਚ ਕੋਈ ਭੁੱਲ ਹੈ ਜਾਂ ਅਰਦਾਸ ਵਿਚ ਸ਼ਕਤੀ ਨਹੀਂ।

ਪਰਤੱਖ ਹੈ ਕਿ ਸਾਡੀ ਅਰਦਾਸ ਵਿਚ ਕੋਈ ਉਕਾਈ ਹੈ। ਇਹ ਵੀ ਵਿਚਾਰਨ ਵਾਲੀ ਗੱਲ ਹੈ ਕਿ ਅਸੀਂ ਗੁਰਦੁਆਰਿਆਂ ਦੀ ਸਚਮੁਚ ਨਿਸ਼ਕਾਮ-ਸੰਭਾਲ ਹੀ ਮੰਗਦੇ ਹਾਂ ਜਾਂ ਕੁਝ ਹੋਰ?

ਗੁਰੂ ਨਾਨਕ ਹਿੰਦੂ ਮੁਸਲਮਾਨਾਂ ਦਾ ਸਾਂਝਾ ਸੀ। ਗੁਰੂ ਨਾਨਕ ਦੇ ਜਨਮ-ਅਸਥਾਨ ਦੀ ਸੇਵਾ-ਸੰਭਾਲ ਕਰਨ ਦਾ ਉਨਾ ਹੀ ਹੱਕ ਹਿੰਦੂਆਂ ਮੁਸਲਮਾਨਾਂ ਦਾ ਹੈ, ਜਿੰਨਾ ਕਿ ਸਿੱਖਾਂ ਦਾ, ਪਰ ਜੇ ਕੋਈ ਸਿਦਕ-ਦਿਲੀ ਤੇ ਪਿਆਰ ਭਾਵਨਾ ਨਾਲ ਕਰੇ, ਫਿਰ ਸਾਡਾ ਕੀ ਰੋਸ।

ਸੰਗਤ ਵਿਚ ਹਰ ਮਜ਼ਹਬ, ਕੌਮ, ਮੱਤ ਵਾਲੇ ਨੂੰ ਸ਼ਾਮਲ ਹੋਣ ਦਾ ਹੱਕ ਹੈ। ਸੰਗਤ ਦੀ ਅਰਦਾਸ ਕੇਵਲ ਉਹ ਹੀ ਹੋ ਸਕਦੀ ਹੈ, ਜੋ ਸਾਰਿਆਂ ਵਲੋਂ ਹੋਵੇ ਤੇ ਜਿਸ ਵਿਚ ਮਜ਼ਹਬ ਕੌਮ ਦਾ ਕੋਈ ਭਿੰਨ ਭੇਤ ਨਾ ਹੋਵੇ।

ਖਾਲਸਾ ਜੀ ਨੂੰ ਹਰ ਮੈਦਾਨ ਫਤਹ, ਪੰਥ ਕੀ ਜੀਤ, ਖਾਲਸਾ ਜੀ ਕੇ ਬੋਲ ਬਾਲੇ, ਜੋ ਅੜੇ ਸੋ ਝੜੇ, ਜਿਨ੍ਹਾਂ ਗੁਰਦੁਆਰਿਆਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ ਦੀ ਸੇਵਾ ਸੰਭਾਲ ਖਾਲਸਾ ਜੀ ਨੂੰ ਬਖਸ਼ੋ ਆਦਿ,

ਖਾਲਸਾ ਪੰਥ ਦੀ ਅਰਦਾਸ ਹੈ —

ਹਰ ਮਾਈ ਭਾਈ ਜੋ ਸੰਗਤ ਵਿਚ ਹਾਜ਼ਰ ਹੈ, ਦੀ ਨਹੀਂ, ਇਹ ਸਰਬਤ ਦਾ ਭਲਾ ਵੀ ਨਹੀਂ।

ਅਰਦਾਸ ਵਿਚ ਸ੍ਰੀ ਅੰਮ੍ਰਿਤਸਰ ਜੀ ਕੇ ਇਸ਼ਨਾਨ ਲਈ ਕਿਹਾ ਜਾਂਦਾ ਹੈ। ਇਸ ਤੋਂ ਭਾਵ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਸਰੋਵਰ ਦਾ ਨਹੀਂ। ਅਸਲ ਭਾਵ ਨਾਮ ਰੂਪੀ ਅੰਮ੍ਰਿਤ ਸਰਵੋਰ ਦਾ ਹੈ।

ਚੌਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟੱਲ ਕਹਿਣਾ ਵੀ ਗੁਰਬਾਣੀ ਅਨਕੂਲ ਨਹੀਂ

ਗਿਰਿ ਤਰ ਧਰਣਿ ਗਗਨ ਅਰੁ ਤਾਰੇ।
ਰਵਿ ਸਸਿ ਪਵਣੁ ਪਾਵਕੁ ਨੀਰਾਰੇ।
ਦਿਨਸੁ ਰੈਣਿ ਬਰਤ ਅਰੁ ਭੇਦਾ।
ਸਾਸਤ ਸਿੰਮ੍ਰਿਤ ਬਿਨਸਸਹਿਗੇ ਬੇਦਾ।
ਤੀਰੁ ਦੇਵ ਦੇਹੁਰਾ ਪੋਥੀ।
ਮਾਲਾ ਤਿਲਕੁ ਸੋਚ ਪਾਕ ਹੋਤੀ।
ਧੋਤੀ ਡੰਡਉਤਿ ਪਰਸਾਦਨ ਭੋਗਾ।
ਗਵਨੁ ਕਰੈਗੋ ਸਗਲੋ ਲੋਗਾ।
ਜਾਤਿ ਵਰਨ ਤੁਰਕ ਅਰੁ ਹਿੰਦੂ।
ਸਗਲ ਪਾਸਾਰੁ ਦੀਸੈ ਪਾਸਾਰਾ।
ਬਿਨਸਿ ਜਾਇਗੋ ਸਗਲ ਅਕਾਰਾ। (237)
ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ। (237)
ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ। (64)
ਸਭੁ ਜਗੁ ਚਲਤਉ ਪੇਖੀਐ ਨਿਹ ਚਲੁ ਹਰਿ ਕੋ ਨਾਉ। (431)

ਜੁਗੋ ਜੁਗ ਅਟੱਲ ਤਾਂ ਕੇਵਲ ਉਹ ਇਕ ਕਰਤਾ, ਅਕਾਲ ਪੁਰਖ ਵਾਹਿਗੁਰੂ ਹੀ ਹੈ।

ਜੇ ਸੰਸਾਰ ਦੇ ਸਾਰੇ ਮਜ਼ਹਬ ਸਾਰੇ ਧਰਮ ਗਰੰਥ ਵੀ ਅਟੱਲ ਨਹੀਂ ਤਾਂ ਝੰਡੇ ਬੁੰਗੇ ਕਿਵੇਂ ਜੁਗੋ ਜੁਗ ਅਟੱਲ ਹੋ ਸਕਦੇ ਹਨ।

ਕੀਰਤਨ ਵੈਰਾਗ ਭਰੇ ਸ਼ਬਦਾਂ ਦਾ ਹੋ ਰਿਹਾ ਹੁੰਦਾ ਹੈ ਪਰ ਇਕੱਠੀ ਮਾਇਆ ਕੀਤੀ ਜਾ ਰਹੀ ਹੁੰਦੀ ਹੈ।

ਢਾਢੀ ਤਿਸਨੋ ਆਖੀਐ ਜਿ ਖਸਮੈ ਧਰੇ ਪਿਆਰੁ। (516)

ਇਸ ਲਈ ਮਾਇਆ ਭੇਟ ਕਰਨ ਜਾਂ ਪਰਵਾਨ ਕਰਨ ਦੀ ਚਰਚਾ ਨਹੀਂ ਹੋਣੀ ਚਾਹੀਦੀ। ਕਈ ਰਾਗੀ ਜੱਥਿਆਂ ਦੀ ਸਾਲਾਨਾ ਆਮਦਨ ਹਜ਼ਾਰਾਂ ਤੱਕ ਪਹੁੰਚੀ ਹੈ। ਇਸ ਵਿਚੋਂ ਕਿੰਨੇ ਕੁ ਇਮਾਨਦਾਰੀ ਨਾਲ ਇਨਕਮ ਟੈਕਸ ਦੇਂਦੇ ਹਨ?

ਰਾਗੀਆਂ ਤਾਂ ਕੀਰਤਨ-ਭੇਟ ਅਰਦਾਸਾਂ ਸੁਣਾਉਣੀਆਂ ਹੁੰਦੀਆਂ ਹਨ, ਤਾਂ ਜੁ ਹੋਰ ਲੋਕ ਵੀ ਮਾਇਆ ਦੇਣ। ਪਰ ਮਾਇਆ ਦੇਣ ਵਾਲਿਆਂ ਨੂੰ ਇਸ ਗੱਲ ਦੀ ਸੋਝੀ ਹੋਣੀ ਚਾਹੀਦੀ ਹੈ।

ਜੀਉ ਪਿੰਡੁ ਸਭੁ ਤਿਸ ਦਾ ਦੇ ਖਾਜੇ ਆਖਿ ਗਵਾਈਐ।
ਜੇ ਲੋੜੀਹ ਚੰਗਾ ਆਪਣਾ ਕਰਿ ਪੁੰਨਹੁ ਨੀਚ ਸਦਾਈਐ। (465)

ਕੜਾਹ ਪ੍ਰਸ਼ਾਦ ਤੇ ਦੇਗ ਨੂੰ ਕਿਰਪਾਨ ਨਾਲ ਭੇਟ ਕਰਨ ਦਾ ਜ਼ਿਕਰ ਕਿਸੇ ਰਹਿਤ ਨਾਮੇ ਵਿਚ ਵੀ ਨਹੀਂ ਮਿਲਦਾ।

ਪਰਮਾਤਮਾ ਹਰ ਜਗ੍ਹਾ, ਹਰ ਵੇਲੇ ਹਾਜ਼ਰ ਨਾਜ਼ਰ ਹੈ, ਅੰਤਰਜਾਮੀ ਹੈ ਤੇ ਘਟ ਘਟ ਦੀ ਜਾਣਦਾ ਹੈ। ਜੋ ਕੁਝ ਵੀ ਹੋ ਰਿਹਾ ਹੈ, ਉਸ ਦੇ ਭਾਣੇ ਵਿਚ ਹੀ ਵਰਤ ਰਿਹਾ ਹੈ। ਉਸ ਦਾ ਹੁਕਮ ਅਟੱਲ ਹੈ ਤੇ ਕਿਸੇ ਨੂੰ ਬਦਲਣ ਦੀ ਸਮਰਥਾ ਨਹੀਂ। ਜੇ ਸਾਨੂੰ ਪਰਮਾਤਮਾ ਦੀ ਹੋਂਦ ਦੇ ਅੰਤਰਜਾਮੀ ਹੋਣ ਦਾ ਪੂਰਾ ਪੂਰਾ ਵਿਸ਼ਵਾਸ਼ ਹੋਵੇ ਤਾਂ ਅਸੀਂ ਬਹੁਤੀਆਂ ਅਰਦਾਸਾਂ ਨਾ ਪਏ ਕਰੀਏ।


ਉਸ ਦੀ ਪਰੇਮ ਭਰੀ ਯਾਦ ਹੀ ਅਰਦਾਸ ਹੈ।

ਪਰਮਾਤਮਾ ਤਕ ਸਿਰਫ ਸ਼ੁਧ ਹਿਰਦੇ ਦੀ ਆਵਾਜ਼ ਹੀ ਪਹੁੰਚ ਸਕਦੀ ਹੈ ਹਰ ਮੌਕੇ ਲਈ ਪਹਿਲਾਂ ਹੀ ਗਿਣੀਆਂ ਮਿਥੀਆਂ ਕੰਠ ਕੀਤੀਆਂ ਅਰਦਾਸਾਂ ਰਸਮ ਰਿਵਾਜ ਹੈ।

ਅਰਦਾਸ ਮਗਰੋਂ "ਰਾਜ ਕਰੇਗਾ ਖਾਲਸਾ" ਪੜ੍ਹਿਆ ਜਾਂਦਾ ਹੈ ਹਰ ਵਿਚਾਰ ਨਾਲ ਇਸ ਨੂੰ "ਕਚੀ ਬਾਣੀ" ਹੀ ਮੰਨਣਾ ਪੈਂਦਾ ਹੈ। ਫਿਰ ਇਸ ਨੂੰ ਨਿਤ-ਮਰਯਾਦਾ ਕਿਉਂ ਬਣਾ ਲਿਆ ਗਿਆ ਹੈ?

ਗੀਤ

ਜਸਪਾਲ ਸਿੰਘ ਸੂਸ, ਯੂਬਾ ਸਿਟੀ, ਕੈਲੇਫੋਰਨੀਆ



ਸਾਡਾ ਦਿਲ ਤੇਰੀ ਕਰਦਾ,
ਉਡੀਕ ਪਲ ਪਲ।
ਮੁੜ ਆਜਾ ਹੀਰਿਆ,
ਸਾਡੇ ਸੀਨੇ ਪੈਣ ਸੱਲ।

ਦੱਸ ਜੋਬਨ ਦੀ ਰੁੱਤੇ,
ਕਿਹੜਾ ਸਾਂਭੇ ਫੁੱਲ ਨੂੰ,
ਤੇਰੇ ਫੁੱਲਾਂ ਦਾ ਵੇ ਤੇਰੇ ਬਾਝੋਂ
ਜਾਣਾ ਖੇੜਾ ਢਲ।

ਸਾਨੂੰ ਹਿਜਰਾਂ ਦੀ ਘੂਰ ਘੂਰ,
ਰੱਖਦੀ ਹਨੇਰੀ,
ਬੈਠੇ ਗਮਾਂ ਦੇ ਪਹਾੜ
ਸਾਡੇ ਸਭੇ ਰਾਹ ਹੀ ਮੱਲ।

ਸੁਣ ਮਾਲੀਆ ਵੇ ਆ ਕੇ ਪਾ ਦੇ,
ਬੂਟਿਆਂ ਨੂੰ ਖਾਦ,
ਤੈਨੂੰ ਮਾਰਨੇ ਨੇ ਮਿਹਣੇ ਲੋਕਾਂ,
ਲੱਗੇ ਨਾ ਜੇ ਫਲ।

ਸਾਨੂੰ ਖਾਣ ਨੂੰ ਏ ਪੈਂਦਾ,
ਬੀਬਾ ਕੱਲਿਆਂ ਨੂੰ ਘਰ,
ਮੁੜ ਆਉਣ ਦਾ ਤੂੰ ਕਿਸੇ ਹੱਥ
ਰੁੱਕਾ ਹੀ ਦੇ ਘੱਲ।

ਜਾਂ ਤੂੰ ਮਨ ਦਿਆ ਚੋਰਾ,
ਸਾਨੂੰ ਕੋਲ ਸੱਦ ਲੈ,
ਸਾਥੋਂ ਹੋਰ ਤੇਰੇ ਹੁੰਦੇ ਨਾ,
ਵਿਛੋੜੇ "ਸੂਸ" ਝੱਲ।

ਕਵਿਤਾ

ਖੁਦਕਸ਼ੀ

ਈਸ਼ਰ ਸਿੰਘ ਮੋਮਨ, ਯੂਬਾ ਸਿਟੀ, U.S.A.

ਉਹ ਧੌਣ ਮੋਰ ਦੀ ਧੌਣ ਸੀ ਓਹ ਨੈਣ ਮਿਰਗ ਦੇ ਨੈਣ
ਸੀ ਮਥਾ ਟੁਕੜੀ ਚੰਦ ਦੀ ਪਏ ਤਾਰੇ ਡਿਗ ਡਿਗ ਪੈਣ।

ਸੀ ਜ਼ੁਲਫਾਂ ਵਾਂਗ ਸਪੋਲੀਆਂ ਤੇ ਗੁਤ ਵੀ ਕਾਲਾ ਨਾਗ
ਸਨ ਹੋਂਠ ਗੁਲਾਬੀ ਉਸ ਦੇ ਪਰ ਜੀਵਨ ਸੀ ਬੇ ਦਾਗ

ਕੱਦ ਸਰੂ ਦੇ ਵਾਂਗ ਸੀ, ਸੀ ਕੋਇਲ ਵਰਗਾ ਬੋਲ
ਸੀ ਵਾਂਗ ਕਬੂਤਰ ਗੁਟ੍ਹਕਦੀ ਉਹ ਦੋ ਬੁਲ੍ਹਾਂ ਨੂੰ ਖੋਹਲ
ਲੱਕ ਸੁਰਾਹੀ ਵਾਂਗ ਸੀ, ਸੀ ਨੈਣਾਂ ਵਿਚ ਸ਼ਰਾਬ
ਉਹ ਧੀ ਸੀ ਮੇਰੇ ਦੇਸ਼ ਦੀ ਰਹਿੰਦੀ ਵਿਚ ਪੰਜਾਬ।

ਸੀ ਹੁਸਨ ਜੁਆਨੀ ਕੇਹਰ ਦੀ ਪਰ ਉਚਾ ਸੀ ਇਖਲਾਕ
ਉਹ ਸ਼ਰਮ ਹਿਆ ਦੀ ਪੁਤਲੀ ਸੀ ਐਬ ਗੁਨਾਹੋਂ ਪਾਕ
ਉਹ ਕੰਜ ਕੁਆਰੀ ਕੰਨਿਆ ਭਰ ਜੋਬਨ ਦੀ ਮੁਟਿਆਰ
ਨਾ ਮਾਂ ਜਾਇਆ ਕੋਈ ਵੀਰ ਸੀ ਭੈਣ ਵਲੋਂ ਵੀ ਹਾਰ

ਸਨ ਮਾਪੇ ਅੰਨ੍ਹੇ ਅੱਖੀਓਂ ਤੇ ਜਿਸਮ ਵਲੋਂ ਕਮਜ਼ੋਰ
ਸੀ ਮਾਇਆ ਵਾਲੀ ਘਾਟ ਵੀ ਕੋਈ ਮਾਣ ਨਹੀਂ ਸੀ ਹੋਰ
ਕਈ ਵਾਰ ਉਨ੍ਹਾਂ ਦੇ ਜਿਸਮ ਤੇ ਨਾ ਟਾਕੀ ਤੇ ਨਾ ਲੀਰ
ਕਈ ਵਾਰ ਉਹ ਦੁਖੋਂ ਭੁਖ ਦੇ ਸੌਂ ਜਾਵਣ ਤਿੰਨ ਸਰੀਰ

ਉਸ ਪਿੰਡ ਦੇ ਲੰਬੜਦਾਰ ਦਾ ਇਕ ਪੁਤ ਸੀ ਬੜਾ ਜੁਆਨ
ਕੁਝ ਮਾਇਆ ਦਾ ਵੀ ਮਾਣ ਸੀ ਕੁਝ ਕਾਇਆ ਦਾ ਵੀ ਮਾਣ

ਉਹ ਚੋਰ ਓਚਕਾ ਚੌਧਰੀ ਸੀ ਗੁੰਡਿਆਂ ਦਾ ਸਰਦਾਰ
ਕੋਲ ਉਹਦੇ ਬੰਦੂਕ ਸੀ ਤੇ ਕੋਲ ਉਹਦੇ ਤਲਵਾਰ
ਉਹ ਦੇਖ ਕੇ ਕੁੜੀ ਗਰੀਬ ਦੀ ਉਹਦੀ ਨੀਤ ਹੋਈ ਬਦਨੀਤ
ਨੀਤ ਹੋਈ ਬਦਨੀਤ ਕੀ ਉਸ ਕੀਤੀ ਉਲਟੀ ਰੀਤ

ਕੁਝ ਤਰਲੇ ਮਿੰਨਤਾਂ ਸਿਸਕੀਆਂ ਦੀ ਕੀਤੀ ਨਾ ਪਰਵਾਹ
ਉਸ ਬੇਪ੍ਰਵਾਹ ਨੇ ਉਸ ਦਾ ਕਰ ਦਿਤਾ ਰੂਪ ਤਬਾਹ
ਉਹ ਗਊ ਬਚਾਰੀ ਬੁਚੜਾਂ ਦੇ ਵਾਂਗੂੰ ਦਿਤੀ ਕੋਹ
ਉਸ ਸ਼ਰਮ ਹਿਆ ਦੀ ਪੁਤਲੀ ਤੋਂ ਇਜ਼ਤ ਲੈ ਗਿਆ ਖੋਹ

ਬਸ ਪਿਓ ਦੀ ਚਿੱਟੀ ਪੱਗ ਦੇ ਉਤੇ ਲਗ ਗਿਆ ਸੀ ਦਾਗ
ਉਸ ਬੇਦਰਦੀ ਨੇ ਲੁਟਿਆ ਉਹਦਾ ਜੋਬਨ ਅਤੇ ਸੁਹਾਗ
ਉਹ ਮੱਛੀ ਵਾਂਗੂੰ ਲੁੱਛਦੀ ਉਹਦੇ ਦਿਲ ਵਿਚ ਹੋਇਆ ਛੇਕ
ਉਹਦੇ ਸੀਨੇ ਅੰਦਰ ਅੱਗ ਸੀ ਪਿਆ ਉਸ ਤੋਂ ਆਵੇ ਸੇਕ

ਸਨ ਅੱਖਾਂ ਵਾਂਗ ਅੰਗਾਰਿਆਂ ਤੇ ਜੀਭ ਬਣੀ ਤਲਵਾਰ
ਉਹ ਹਰ ਇਕ ਕੁੜੀ ਗਰੀਬ ਦੀ ਨੂੰ ਕੂਕੀ ਰਹੀ ਵੰਗਾਰ
ਨੀ ਤੱਕੋ ਭੈਣੋਂ ਮੇਰੀਓ ਇਸ ਦੇਸ਼ ਦਾ ਕੀ ਦਸਤੂਰ
ਅੱਜ ਕੰਜ ਕੁਆਰੀ ਮੂਯਤੀ ਕਿੰਝ ਹੋ ਗਈ ਚਕਨਾਚੂਰ।

ਨੀ ਰਾਖਾ ਲੁੱਟੇ ਖੇਤ ਨੂੰ ਰਹੀ ਵਾੜ ਖੇਤ ਨੂੰ ਖਾ
ਨੀ ਭੈਣੋਂ ਕਾਹਦਾ ਜੀਵਨ ਬਿਨ ਭੈਣਾਂ ਅਤੇ ਭਰਾ
ਪਾਰੇ ਵਾਂਗੂੰ ਤੜਪ ਰਹੇ ਸੀ ਇਕ ਇਕ ਕਰਕੇ ਅੰਗ
ਤੇ ਸੀਨੇ ਅੰਦਰ ਹੋ ਰਹੀ ਸੀ ਸਬਰ ਜਬਰ ਦੀ ਜੰਗ
ਉਸ ਜਾ ਕੇ ਵਿਚ ਉਜਾੜ ਦੇ ਇਕ ਖੂਹ ਦੀ ਚੁੰਮੀ ਮੌਣ
ਫੇਰ ਖੂਹ ਨੂੰ ਵਿਚੋਂ ਵੇਖਿਆ ਕੁਝ ਨੀਵੀਂ ਕਰਕੇ ਧੌਣ
ਨੈਣੋਂ ਵਗਦਾ ਨੀਰ ਸੀ ਤੇ ਨੈਣ ਰਹੇ ਸੀ ਰੋ
ਉਹ ਮੌਤ ਦੇ ਅਗੇ ਆਣ ਤੋਂ ਪਈ ਤੇਲ ਰਹੀ ਸੀ ਚੋ
ਬਸ ਇਕੋ ਵਾਰੀ ਉਸਦਾ ਉਸ ਖੂਹ ਵਿਚ ਗਿਆ ਸਰੀਰ
ਉਹ ਸਦਾ ਦੀ ਨੀਂਦੇ ਸੌਂ ਗਈ ਸੀਤਾ ਦੀ ਤਸਵੀਰ
ਸਨ ਬੁੜ੍ਹੇ ਮਾਪੇ ਉਸਦੇ ਜੋ ਸੁਣ ਕੇ ਹੋਏ ਸੁਆਹ
ਉਹ ਆਖਣ ਰੱਬਾ ਸਾਡਿਆ ਕੀ ਕੀਤਾ ਅਸਾਂ ਗੁਨਾਹ।

ਫੇਰ ਮਾਂ ਦੇ ਮੂੰਹੋਂ ਨਿਕਲੀ ਇਕ ਬੇ ਸਬਰੀ ਦੀ ਧਾਹ
ਨੀ ਜਾ ਨੀ ਧੀਏ ਮੇਰੀਏ ਤੂੰ ਸਵਰਗਾਂ ਅੰਦਰ ਜਾਹ
ਔਹ ਬੁੜ੍ਹਾ ਬਾਪੂ ਆਖ ਰਿਹਾ ਸੀ ਮੁੜ ਮੁੜ ਸਾਰੀ ਰਾਤ
ਤੁਲਸੀ ਦਾਸ ਗਰੀਬ ਦੀ ਹੁਣ ਕੋਈ ਨਾ ਪੁਛੇ ਬਾਤ।
ਸੀ ਅੰਨ੍ਹੇ ਅੰਨ੍ਹੀ ਵਾਸਤੇ ਉਹ ਸਰਵਣ ਵਰਗੀ ਧੀ
ਧੀ ਦੇ ਬਾਝੋਂ ਕਿਸ ਤਰ੍ਹਾਂ ਸਨ ਮਾਪੇ ਸਕਦੇ ਜੀ
ਫਿਰ ਮਾਂ ਪਿਓ ਦੋਵੇਂ ਤੜਪ ਤੜਪ ਕੇ ਦੇ ਗਏ ਆਪਣੀ ਜਾਨ
ਇਹ ਹੈ ਮੇਰਾ ਦੇਸ਼ ਵੀ ਜੀ ਇਹ ਹੈ ਹਿੰਦੁਸਤਾਨ
'ਮੋਮਨ' ਮੇਰੇ ਦੇਸ਼ ਦਾ ਕਿੰਨਾ ਭੈੜਾ ਜਿਹਾ ਸਮਾਜ
ਮਾਇਆ ਦੀ ਪ੍ਰਧਾਨਗੀ ਤੇ ਗੁੰਡਿਆਂ ਦਾ ਹੈ ਰਾਜ।

ਸਾ ਹਿ ਤ ਦ ਰ ਪ ਣ

ਕਹਾਣੀ:

ਆਸ

■ਦਰਸ਼ਨ ਸਿੰਘ ਧੀਰ

ਇੰਗਲੈਂਡ ਦੇ ਆਮ ਸਿਆਲ ਦੇ ਦਿਨਾਂ ਵਰਗਾ ਦਿਨ ਸੀ। ਅੰਬਰ ਭੂਰੇ ਕਾਲੇ ਬੱਦਲਾਂ ਨਾਲ ਘਿਰਿਆ ਹੋਇਆ ਸੀ, ਪਰ ਮੀਂਹ, ਗੜ੍ਹੇ ਜਾਂ ਸਨੋਅ ਪੈਣ ਦੀ ਸੰਭਾਵਨਾ ਨਹੀਂ ਸੀ। ਐਤਵਾਰ ਹੋਣ ਕਰਕੇ ਕਾਫੀ ਕੰਮ ਹੋ ਜਾਣ ਦੀ ਆਸ ਸੀ। ਸਾਰੇ ਸਿੱਧੀ ਥਾਂ ਤੇ ਪੁੱਜ ਗਏ ਸਨ। ਸੋ ਛੇਤੀ ਛੇਤੀ ਟੋਲੀਆਂ ਬਣਾ ਕੇ, ਜਦ ਅਸੀਂ ਤੁਰਨ ਲੱਗੇ ਤਾਂ ਪ੍ਰੇਮ ਕਹਿਣ ਲੱਗਾ, "ਦਾਨ ਘਰ ਤੋਂ ਸ਼ੁਰੂ ਹੋਣਾ ਚਾਹੀਦੈ।"

ਉਹਦੀ ਇਸ ਗੱਲ ਤੇ ਅਮਲ ਕਰਕੇ ਹਰੇਕ ਟੋਲੀ ਆਪਣੇ ਹਿੱਸੇ ਆਏ ਇਲਾਕੇ ਲਈ ਤੁਰ ਪਈ। ਟੋਲੀਆਂ ਬਣਾਉਣ ਲੱਗਿਆਂ ਇਸ ਗੱਲ ਦਾ ਖਾਸ ਖਿਆਲ ਰੱਖਿਆ ਗਿਆ ਕਿ ਹਰ ਇਕ ਟੋਲੀ 'ਚ ਘਟੋ ਘਟ ਇਕ ਚੁਸਤ ਗੱਲਕਾਰ ਜ਼ਰੂਰ ਹੋਵੇ। ਕਰਮਜੀਤ, ਸਾਡੀ ਟੋਲੀ ਦਾ ਗੱਲਕਾਰ, ਸਭ ਨਾਲੋਂ ਚੁਸਤ ਸਮਝਿਆ ਜਾਂਦਾ ਸੀ। ਸੰਪਰਕ 'ਚ ਆਏ ਨੂੰ ਆਪਣੇ ਵਿਚਾਰਾਂ ਨਾਲ ਸਹਿਮਤ ਕਰ ਲੈਣ ਦਾ ਉਹਨੂੰ ਅਭਿਮਾਨ ਜਿਹਾ ਸੀ। ਇਸ ਕਰਕੇ ਸਾਡੀ ਟੋਲੀ ਤੋਂ ਸਭ ਨਾਲੋਂ ਵਧ ਕੰਮ ਦੀ ਆਸ ਸੀ।

ਸਾਡੀ ਟੋਲੀ ਨੇ ਉਸ ਥਾਂ ਤੋਂ ਕੰਮ ਸ਼ੁਰੂ ਕਰਨਾ ਸੀ ਜਿਥੇ ਖੜਕੇ ਟੋਲੀਆਂ ਬਣਾਈਆਂ ਤੇ ਇਲਾਕੇ ਵੰਡੇ ਸਨ। ਬਾਹਰਲੀ ਬਾਰੀ ਥਾਣੀਂ ਇਕ ਘਰ ਦੇ ਫਰੰਟ ਰੂਮ ਦੀਆਂ ਕੰਧਾਂ ਨਾਲ ਟੰਗੇ ਵੱਡੇ ਵੱਡੇ ਫਰੇਮਾਂ 'ਚੋਂ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਸਰਦਾਰ ਪਟੇਲ, ਇੰਦਰਾ ਗਾਂਧੀ ਆਦਿ ਵਰਗੇ ਝਾਕਦੇ ਲੀਡਰ, ਜਦ ਪ੍ਰੇਮ ਨੇ ਵੇਖੇ ਤਾਂ ਉਸ ਉਤਸਾਹਿਤ ਹੋਏ ਨੇ ਉਸ ਘਰ ਤੋਂ ਹੀ ਸ੍ਰੀ ਗਣੇਸ਼ ਕਰਨਾ ਠੀਕ ਸਮਝਿਆ। ਥੋੜੀ ਜਿਹੀ ਦੇਰ ਮਗਰੋਂ, ਸਾਊ ਡਗਦੇ ਇਕ ਨਿੱਕੇ ਜਿਹੇ ਮੁੰਡੇ ਨੇ ਦਰਵਾਜ਼ਾ ਖੋਲ੍ਹਿਆ, ਤਾਂ ਪ੍ਰੇਮ ਨੇ ਬੜੇ ਲਾਡ ਨਾਲ ਕਿਹਾ, "ਕਾਕੇ ਤੇਰਾ ਡੈਡੀ?"

"ਘਰੇ ਈ ਆ", ਉਹ ਹੇਕ ਜਿਹੀ ਲਾਉਂਦਾ ਆਪਣੇ ਬਾਪੂ ਨੂੰ ਬੁਲਾਉਣ ਚਲਾ ਗਿਆ। ਘਰ ਵਾਲੇ ਨੂੰ ਪੜ੍ਹਿਆ ਲਿਖਿਆ ਤੇ ਸਾਊ ਲਗਦਾ ਵੇਖ ਕੇ, ਕਰਮਜੀਤ ਨੇ ਆਪ ਉਹਦੇ ਨਾਲ ਗਲ ਕਰਨੀ ਚਾਹੀ, "ਬ੍ਰਦਰ ਅਸੀਂ ਮਜ਼ਦੂਰ ਸਭਾ ਵਲੋਂ ਆਏ ਹਾਂ। ਅਸੀਂ ਹਰ ਦੋਂਹ ਸਾਲੀਂ ਆਪਣੇ ਭਰਾਵਾਂ ਦੀ ਸੇਵਾ 'ਚ — ਉਨ੍ਹਾਂ ਨੂੰ ਆਪਣੀ ਸੰਸਥਾ ਦੇ ਮੈਂਬਰ ਬਣਾਉਣ, ਜੇ ਬਣੇ ਹੋਣ ਤਾਂ ਉਨ੍ਹਾਂ ਦੀ ਮੈਂਬਰਸ਼ਿਪ ਰੀਨੀਊ ਕਰਨ ਲਈ — ਹਾਜ਼ਰ ਹੁੰਦੇ ਹਾਂ। ਤੁਸੀਂ ਸ਼ਾਇਦ ਜਾਣਦੇ ਹੀ ਹੋਵੋਗੇ ਕਿ ਤੁਹਾਡੀ ਇਹ ਸੰਸਥਾ ਆਪਣੇ ਭਰਾਵਾਂ ਦੀਆਂ ਤਕਲੀਫਾਂ ਸਰਕਾਰ ਤਕ ਪਹੁੰਚਾ ਕੇ, ਆਪਣੀ ਵਿਤ ਅਨੁਸਾਰ ਉਨ੍ਹਾਂ ਨੂੰ ਦੂਰ ਕਰਵਾਉਣ ਦਾ ਹਰ ਸੰਭਵ ਜਤਨ ਕਰਨਾ ਆਪਣਾ ਫਰਜ਼ ਸਮਝਦੀ ਏ। ਉਦਾਹਰਣ ਲਈ : ਰੰਗ ਦੀ ਬਿਨਾਅ ਤੇ ਸਾਡੇ ਨਾਲ ਕੰਮਾਂ-ਕਾਰਾਂ 'ਚ ਹੁੰਦੇ ਵਿਤਕਰੇ, ਐਂਟਰੀਆਂ ਲਈ ਦੇਰੀ ਤੇ ਖੱਜਲ ਖੁਆਰੀ ਅਤੇ ਮਰਦ ਮੰਗੇਤਰਾਂ ਤੋਂ ਪਾਬੰਦੀ ਹਟਾਉਣ ਆਦਿ ਤਕਲੀਫਾਂ ਲਈ ਤੁਹਾਡੀ ਇਸ ਸੰਸਥਾ, ਜਿਹਦੀਆਂ ਦੇਸ ਦੇ ਤਕਰੀਬਨ ਹਰ ਸ਼ਹਿਰ 'ਚ ਬਰਾਂਚਾਂ ਹਨ, ਨੇ ਹਜ਼ਾਰਾਂ ਦੀ ਗਿਣਤੀ 'ਚ ਕਈ ਵਾਰੀ ਲੰਦਨ ਪਾਰਲੀਮੈਂਟ ਦੇ ਸਾਹਮਣੇ ਠੋਸ ਵਿਖਾਵੇ ਕਰਕੇ, ਆਪਣੇ ਭਰਾਵਾਂ ਦੀਆਂ ਤਕਲੀਫਾਂ ਹਟਾਉਣ 'ਚ ਯੋਗ ਦਾਨ ਪਾਇਆ। ਇਹਤੋਂ ਬਿਨਾਂ ਤੁਹਾਡੀ ਇਹ ਸਭਾ ਆਪਣੇ ਕਲਚਰ ਤੇ ਦੇਸ ਨਾਲ ਨਾਤਾ ਬਣਾਈ ਰੱਖਣ ਲਈ ਆਜ਼ਾਦੀ ਦਿਵਸ ਮਨਾਉਂਦੀ ਰਹਿੰਦੀ ਹੈ। ਇਸ ਲਈ ਇਸ਼ਤਿਹਾਰਾਂ, ਹਾਲਾਂ ਤੇ ਕੋਚਾਂ ਆਦਿ ਦੇ ਖਰਚ ਲਈ .....।"

ਸੰਸਥਾ ਵਲੋਂ ਨਰਸਰੀ ਸਕੂਲਾਂ ਲਈ ਕੀਤੀ ਜਦੋਜਹਿਦ ਦੱਸਣ ਦਾ ਖਿਆਲ ਭੁੱਲ ਗਿਆ ਸੋਚ ਕੇ ਪ੍ਰੇਮ ਨੇ ਵਿਚੋਂ ਹੀ ਕਿਹਾ, "ਅੰਗਰੇਜ਼ੀ ਸਾਡੀ ਮਾਂ ਬੋਲੀ ਨਾ ਹੋਣ ਕਰਕੇ, ਤੁਸੀਂ ਜਾਣਦੇ ਹੀ ਹੋ ਕਿ ਸਾਡੇ ਬੱਚੇ ਹੈਂਡੀਕੈਪਟ ਨੇ। ਇਸ ਗੱਲ ਨੂੰ ਮੁੱਖ ਰੱਖ ਕੇ ਤੁਹਾਡੀ ਇਸ ਸਭਾ ਨੇ ਰਾਸ਼ਟਰੀ ਤੇ ਲੋਕਲ ਸਰਕਾਰਾਂ ਨਾਲ ਜਦੋਜਹਿਦ ਕਰਕੇ, ਜਿਨ੍ਹਾਂ ਇਲਾਕਿਆਂ 'ਚ ਆਪਣੀ ਵਸੋਂ ਸੰਘਣੀ ਹੈ, ਕਈ ਨਰਸਰੀ ਸਕੂਲ ਖੁਲ੍ਹਵਾਏ ਨੇ ਤਾਂਕਿ ਅੰਗਰੇਜ਼ੀ ਸਾਡੇ ਨਿਆਣਿਆਂ ਲਈ ਹਊਆ ਨਾ ਰਹੇ। ਇਹ ਤੇ ਅਜਿਹੇ ਅਨੇਕ ਹੋਰ ਕੰਮ ਤੁਹਾਡੇ ਵਰਗੇ ਸੱਜਣਾਂ ਦੇ ਸਹਿਯੋਗ ਦਾ ਹੀ ਸਿੱਟਾ ਨੇ।" ਕਹਿੰਦਿਆਂ ਪ੍ਰੇਮ ਨੇ ਕਰਮਜੀਤ ਨੂੰ ਆਪਣੀ ਗੱਲ ਜਾਰੀ ਰੱਖਣ ਦਾ ਇਸ਼ਾਰਾ ਕੀਤਾ। ਕਰਮਜੀਤ ਨੇ ਵੱਡੀ ਗੱਲ ਦੀ ਲੜੀ ਫੜਦਿਆਂ ਕਿਹਾ, "ਏਦਾਂ ਕੋਚਾਂ ਆਦਿ ਦੇ ਖਰਚ ਲਈ, ਅਸੀਂ ਆਪਣੇ ਹਰ ਮੈਂਬਰ ਭਰਾ ਤੋਂ ਦਸ ਸ਼ਲਿੰਗਾਂ ਫੀਸ ਵਜੋਂ ਲੈਂਦੇ ਹਾਂ। ਤੁਸੀਂ ਜਾਣਦੇ ਹੀ ਹੋ ਆਪਣੇ 'ਚੋਂ ਕੋਈ ਵੀ 'ਕੱਲਾ ਐਨਾ ਖਰਚ ਨਹੀਂ ਝਲ ਸਕਦਾ। ਇਸ ਲਈ ਸਾਂਝੇ ਕੰਮਾਂ ਲਈ ਆਸ ਏ, ਤੁਸੀਂ .....।"

"ਭਾਈ ਸਾਹਬ, ਮੇਰੇ ਕੋਲ ਏਦਾਂ ਦੇ ਪੰਗੇ ਲੈਣ ਲਈ ਸਮਾਂ ਕਿੱਥੇ? ਮੈਨੂੰ ਤਾਂ ਆਪਣੇ ਕਾਰੋਬਾਰ 'ਚ ਸਿਰ ਖੁਰਕਣ ਦੀ ਵਿਹਲ ਬੀ ਨਈਂ।"

"ਵੀਰ ਜੀ ਜੇ ਤੁਸੀਂ ਐਕਟਿਵ ਭਾਗ ਨਹੀਂ ਲੈ ਸਕਦੇ, ਤਾਂ ਅਸੀਂ ਤੁਹਾਨੂੰ ਮਜ਼ਬੂਰ ਨਹੀਂ ਕਰਦੇ, ਪਰ ਤੁਹਾਡੇ ਸਹਿਯੋਗ ਦੀ ਆਸ ਜ਼ਰੂਰ ਰਖਦੇ ਹਾਂ", ਪ੍ਰੇਮ ਨੇ ਉਹਨੂੰ ਤੱਕਦਿਆਂ ਕਿਹਾ।

"ਏਦਾਂ ਦੀਆਂ ਗੱਲਾਂ ਤੁਹਾਨੂੰ ਆਪਣੇ ਦੇਸ 'ਚ ਜਾ ਕੇ ਕਰਨੀਆਂ ਚਾਹੀਦੀਆਂ ਨੇ", ਉਹਦੇ ਮੂੰਹੋਂ ਹੁਕਮਰਾਨ ਗੋਰਿਆਂ ਦੀ ਭਾਸ਼ਾ ਸੁਣ ਕੇ, ਕਰਮਜੀਤ ਨੇ ਉਹਦੇ ਚਿਹਰੇ ਵੱਲ ਇੰਜ ਤੱਕਿਆ, ਜਿਵੇਂ ਪ੍ਰੇਮ ਤੋਂ ਗਲਤੀ ਨਾਲ ਕਿਸੇ ਗੋਰੇ ਦੀ ਡੋਰ ਹੋ ਗਈ ਹੋਵੇ।

"ਦੇਸ 'ਚ ਵੀ ਹੋਣੀਆਂ ਨੇ, ਪਰ ਇਥੇ ਵੀ ਤਾਂ ਬਰਾਬਰ ਦੇ ਸ਼ਰੀਕ ਬਣ ਕੇ ਰਹਿਣਾ ਚਾਹੀਦੈ", ਕਰਮਜੀਤ ਨੂੰ ਹੈਰਾਨ ਜਿਹਾ ਹੋਇਆ ਵੇਖ ਕੇ ਉਹਦੀ ਥਾਂ ਪ੍ਰੇਮ ਨੇ ਕਿਹਾ।

"ਅਸੀਂ ਇਥੇ ਰੋਜ਼ੀ ਕਮਾਉਣ ਆਏ ਆਂ, ਲੜਨ-ਭਿੜਨ ਨਈਂ। ਮਿਹਰਬਾਨੀ ਕਰਕੇ ਸਾਨੂੰ ਚੁੱਪ ਚਾਪ ਕੰਮ ਕਰਕੇ ਰੋਟੀ ਖਾਣ ਦੇਓ।"

"ਵੀਰ ਜੀ ਤੁਸੀਂ ਅਜਿਹੇ ਵਤੀਰੇ ਦਾ ਪਰਭਾਵ ਨਹੀਂ ਸਮਝਦੇ ਲੱਗਦੇ। ਇਸ ਦ੍ਰਿਸ਼ਟੀਕੋਨ ਨੇ ਸਾਡੇ 'ਚ ਖਾਸ ਕਰਕੇ ਸਾਡੀ ਨਵੀਂ ਪੀੜ੍ਹੀ 'ਚ ਹੀਜੜੇ ਦਾ ਭਾਵ ਪੈਦਾ ਕਰ ਦਿਤਾ ਹੈ। ਇੰਜ ਅਸੀਂ ਹੀ ਨਹੀਂ, ਸਾਡੀ ਜੁਆਨ ਹੁੰਦੀ ਪੀੜ੍ਹੀ ਵੀ ਦੇਸ ਦੀ ਮੇਨ ਸਟਰੀਮ ਨਾਲੋਂ ਟੁੱਟਦੀ ਜਾ ਰਹੀ ਹੈ। ਤੇ ਜੜ੍ਹੋਂ ਟੁਟੇ ਬੰਦੇ ਦੀ ਹਾਲਤ ਤੁਸੀਂ ਜਾਣਦੇ ਹੀ ਹੋ, ਖਿਲਾਅ 'ਚ ਲਟਕਦੇ ਆਦਮੀ ਵਰਗੀ ਹੁੰਦੀ ਹੈ। ਹਰ ਸਮੇਂ ਡਿਗੂੰ ਡਿਗੂੰ ਦਾ ਅਹਿਸਾਸ ਉਹਤੋਂ ਕੁਝ ਵੀ ਕਰਵਾ ਸਕਦਾ ਏ। ਇਹੀ ਕਾਰਨ ਹੈ ਕਿ ਸਾਡੇ ਚੌਦਾਂ ਚੌਦਾਂ, ਪੰਦਰਾਂ ਪੰਦਰਾਂ ਸਾਲਾਂ ਦੇ ਨਿਆਣੇ ਚੋਰੀਆਂ ਤੇ ਹੋਰ ਭੈੜੀਆਂ ਹਰਕਤਾਂ ਕਰਨ ਲਗ ਪਏ ਨੇ। ਤੁਹਾਡੀ ਆਪਣੀ ਸਟਰੀਟ 'ਚ ਹੀ ਪਰਸੋਂ ਤੇਰਾਂ ਚੌਦਾਂ ਸਾਲਾਂ ਦੇ ਨਿਆਣਿਆਂ ਨੇ ਗੁਆਂਢੀਆਂ ਦੇ ਘਰੋਂ ਗਹਿਣੇ ਤੇ ਪੈਸੇ ਚੋਰੀ ਕਰ ਲਏ।"

"ਏਦਾਂ ਦੀਆਂ ਫਲਾਸਫੀਆਂ ਤੁਸੀਂ ਆਪਣੇ ਕੋਲ ਹੀ ਰੱਖੋ। ਹੂੰਅ, ਆਏ ਨੇ ਫ਼ਲਾਸਫ਼ੀਆਂ ਘੋਲਣ", ਉਸ ਨਾਸਾਂ ਫੁਲਾਉਂਦਿਆਂ, ਫੂਕਰ ਮਾਰ ਕੇ, ਦਰਵਾਜ਼ਾ ਢੋਹ ਲਿਆ।

"ਕਰ ਲੈ, ਬਈ ਪ੍ਰੇਮ ਚੰਗੇ ਘਰ ਤੋਂ ਬੋਣੀ", ਰਸੀਦ ਕੱਟਣ ਵਾਲੇ ਕੇਹਰ ਨੇ ਪ੍ਰੇਮ ਤੇ ਵਿਅੰਗ ਕੱਸਿਆ।

"ਕੋਈ ਗੱਲ ਨਹੀਂ", ਕਹਿੰਦਾ ਪ੍ਰੇਮ ਸਿੰਘ ਕਾਹਲੀ ਕਾਹਲੀ ਕਿਸੇ ਹੋਰ ਘਰ ਦਾ ਬੂਹਾ ਖੜਕਾਉਣ ਤੁਰ ਪਿਆ।

ਉਸ ਸਟਰੀਟ ਦੇ ਘਰਾਂ ਦੀਆਂ ਡੋਰਾਂ ਕਰ ਕਰ ਮੈਂਬਰ ਬਣਾਉਂਦੇ ਅਸੀਂ ਗਲੀ ਦੇ ਸਿਰੇ ਗਏ ਹੀ ਸਾਂ ਕਿ ਮੌਸਮ ਕਾਫੀ ਖਰਾਬ ਹੋ ਗਿਆ। ਗਲੀ ਦਾ ਦੂਜਾ ਪਾਸਾ ਸ਼ੁਰੂ ਕੀਤਾ ਹੀ ਸੀ ਕਿ ਸਨੋਅ ਪੈਣ ਲਗ ਪਈ। ਪੈਣ ਕਾਹਦੀ, ਜਿਵੇਂ ਕਿਸੇ ਪੰਡ ਖੋਲ੍ਹ ਦਿਤੀ ਹੋਵੇ। ਪੰਦਰਾਂ ਵੀਹ ਮਿੰਟਾਂ 'ਚ ਹੀ ਚੱਪਾ-ਚੱਪਾ ਚੜ੍ਹ ਗਈ। ਅਸੀਂ ਤਾਂ ਕੰਨ ਵਲੇਟੀ ਇਕ ਘਰ ਦੇ ਵਾਦਰੇ ਹੇਠ ਖਲੋਤੇ ਸਨੋਅ ਥੰਮਣ ਦੀ ਉਡੀਕ ਕਰ ਰਹੇ ਸਾਂ, ਪਰ ਨਿਆਣੇ ਉਸੇ ਬਰਫ਼ ਦੇ ਗੋਲੇ ਬਣਾ ਬਣਾ ਇਕ ਦੂਜੇ ਦੇ ਮਾਰਦੇ ਹੱਸ ਟੱਪ ਰਹੇ ਸਨ।

ਬਰਫ਼ ਪੈਣੋਂ ਹਟੀ ਹੀ ਸੀ ਕਿ ਅਸੀਂ ਫਿਰ ਆਪਣੇ ਕੰਮ ਲਗ ਪਏ। ਥੋੜੀ ਜਿਹੀ ਦੇਰ ਮਗਰੋਂ, ਮੀਂਹ ਤੇ ਜ਼ੋਰਾਂ ਦੀ ਹਵਾ ਵਗਣ ਲਗ ਪਈ। ਗਲੀ ਦੇ ਦੂਜੇ ਪਾਸੇ ਇਕ ਗੋਰਾ ਬੜੀ ਸ਼ਾਨ ਨਾਲ ਕਿੱਲੇ ਵਾਂਗ ਧੌਣ ਅਕੜਾਈ, ਆਪਣੇ ਤੇ ਛਤਰੀ ਲਈ ਜਾ ਰਿਹਾ ਸੀ। ਸ਼ੂਕਦੀ ਕੁਰਲਾਉਂਦੀ ਹਵਾ ਨੇ ਉਹਨੂੰ ਚੈਲਿੰਜ ਸਮਝ ਲਿਆ ਸੋ ਉਸ ਰੋਹ 'ਚ ਆ ਕੇ ਇਕੋ ਝਟਕੇ ਨਾਲ ਉਹਦੀ ਛਤਰੀ ਦੀਆਂ ਆਂਦਰਾਂ ਬਾਹਰ ਕੱਢ ਦਿਤੀਆਂ। ਉਹਦੇ ਹੈਟ ਨੂੰ ਸੁਦਰਸ਼ਨ ਚੱਕਰ ਵਾਂਗ ਪੁਲਾੜ 'ਚ ਘੁਮਾਉਂਦੀ ਜਿੱਤ ਦੀ ਖੁਸ਼ੀ 'ਚ ਸੀਟੀਆਂ ਮਾਰਨ ਲਗ ਪਈ। ਛਾਂਗੇ ਰੁੱਖ ਵਾਂਗ ਰੁੰਡ ਮਰੁੰਡ ਹੋਏ ਗੋਰੇ ਨੂੰ, ਜਦ ਖੇਡ ਦੇ ਨਿਆਣਿਆਂ ਵੇਖਿਆ ਤਾਂ ਉਹ ਖਿੜ ਖਿੜਾ ਕੇ ਹੱਸ ਪਏ। ਉਨ੍ਹਾਂ ਨੂੰ ਹਸਦੇ, ਵੇਖ ਕੇ ਝੂਠੇ ਹੋਏ ਉਸ ਗੋਰੇ ਨੇ ਨਿਆਣਿਆਂ ਨੂੰ ਹਲਕੀ ਜਿਹੀ ਤੇ ਹਵਾ ਨੂੰ ਮੋਟੀ ਸਾਰੀ ਗਾਲ੍ਹ ਕੱਢੀ। ਸਾਨੂੰ 'ਕਾਲੇ ਹਰਾਮੀ ਐਸੇ ਮੌਸਮ 'ਚ ਵੀ ਘਰ ਨਹੀਂ ਬੈਠ ਸਕਦੇ" ਕਹਿਣ ਵਾਂਗ ਘੂਰਦੇ ਨੇ ਬਰਫ ਨਾਲ ਲੁੱਥ ਪੁੱਥ ਹੋਈ ਟੋਪੀ ਹੱਥ ਨਾਲ ਝਾੜੀ, ਬੁੜ ਬੁੜ ਕਰਦੇ ਨੇ ਛਤਰੀ ਠੀਕ ਕੀਤੀ, ਤੇ ਆਪਣੇ ਰਾਹੇ ਪੈ ਗਿਆ।

"ਐਨੇ ਠੱਕੇ 'ਚ ਕਿਧਰ ਸੈਰਾਂ ਹੁੰਦੀਆਂ ਨੇ?" ਗੋਰੇ ਦੇ ਡਰਾਮੇ ਨੂੰ ਵੇਖਦਿਆਂ ਦੇ ਸਾਡੇ ਕੰਨਾਂ 'ਚ ਪ੍ਰੇਮ ਦੇ ਜਾਣੂ ਦੀ ਆਵਾਜ਼ ਪਈ।

"ਮਜ਼ਦੂਰ ਸਭਾ ਦੀ ਭਰਤੀ ਕਰਦੇ ਹਾਂ।" ਪ੍ਰੇਮ ਨੇ ਉਤਰ 'ਚ ਕਿਹਾ।

"ਲੱਗਦਿਆਂ ਮਜ਼ਦੂਰ ਸਭਾ ਦਿਆ, ਕਿਤੇ ਨਮੂਨੀਆ ਨਾ ਕਰਾਂ ਲਈ। ਆ ਤੈਨੂੰ ਬੀਅਰ ਦਾ ਗਲਾਸ ਪਿਲਾਈਏ।" ਉਹਨੇ ਪੱਬ ਬੰਦ ਹੋਣ ਦੇ ਡਰੋਂ, ਕਾਹਲੀ ਕਾਹਲੀ ਪੱਬ ਵੱਲ ਜਾਂਦਿਆਂ ਕਿਹਾ।

'ਕਿਉਂ ਤੇਰੀ ਵੀ ਹੱਟੀ ਪਾਉਣ ਦੀ ਸਲਾਹ ਹੋ ਗਈ ਏ?" ਪ੍ਰੇਮ ਦੇ ਦੂਜੇ ਵਾਕਫ ਨੇ ਵਿਅੰਗ ਨਾਲ ਕਿਹਾ।

"ਆ ਜਾ, ਤੂੰ ਪਾ ਲਈਂ।" ਪ੍ਰੇਮ ਨੇ ਮੋੜਵਾਂ ਵਾਰ ਕਰਦਿਆਂ ਕਿਹਾ।

"ਇਹ ਬਈ ਥੋਨੂੰ ਈ ਮੁਬਾਰਕ ਨੇ", ਤੇ ਉਹ ਦੋਵੇਂ ਕੁੱਤੇ ਹਾਸੀ ਹਸਦੇ ਪੱਬ ਨੂੰ ਚਲੇ ਗਏ।

ਗੋਰਿਆਂ, ਜਮੀਕਨਾਂ, ਪਾਕਿਸਤਾਨੀਆਂ ਦੇ ਘਰ ਛੱਡਦੇ ਤੇ ਭਾਰਤੀ ਲੱਗਦੇ ਘਰਾਂ ਦੀਆਂ ਡੋਰਾਂ ਕਰਦੇ ਅਤੇ ਮੈਂਬਰ ਬਣਾਉਂਦੇ ਉਹ ਸਟਰੀਟ ਮੁਕਾ ਕੇ, ਅਸੀਂ ਦੂਜੀ ਸਟਰੀਟ ਆਰੰਭ ਦਿਤੀ। ਲੋਕੀਂ ਪੱਬਾਂ ਤੋਂ ਆਉਣ ਲਗ ਪਏ ਸਨ। ਇਕ ਘਰ 'ਚੋਂ ਪੰਜਾਬੀ ਗੀਤ ਦੀ ਆਵਾਜ਼ ਆਉਂਦੀ ਸੁਣ ਕੇ ਪ੍ਰੇਮ ਨੇ ਸਾਨੂੰ ਵੀ ਆ ਜਾਣ ਵਾਂਗ ਸਿਰ ਸੰਕੇਤ ਕਰਦਿਆਂ ਉਸ ਘਰ ਦੀ ਜਾ ਡੋਰ ਕੀਤੀ। ਘਰ ਦਾ ਮਾਲਕ ਫਰੰਟ ਰੂਮ 'ਚ ਬੈਠਾ ਆਪਣੇ ਕਿਸੇ ਸਨੇਹੀ ਨਾਲ ਸੋਮ ਰਸ ਛਕ ਰਿਹਾ ਸੀ ਟੇਪ 'ਤੇ ਪੰਜਾਬੀ ਦਾ ਬਹੁਤ ਹੀ ਪੁਰਾਣਾ ਗਾਣਾ : "ਸਾਡੇ ਪਿੰਡ 'ਚ ਪਾ ਕੇ ਹੱਟੀ ..." ਚਲ ਰਿਹਾ ਸੀ। ਉਸ ਬੂਹਾ ਖੋਲ੍ਹਿਆ ਤਾਂ ਕਰਮਜੀਤ ਨੇ ਅੱਗੇ ਵੱਧ ਕੇ ਆਉਣ ਦਾ ਮਨੋਰਥ ਦੱਸਿਆ।

"ਮੰਬਰ ਮੁੰਬਰ ਤਾਂ ਆਪਾਂ ਬਣਨਾ ਨੀਂ, ਜੇ ਘੁੱਟ ਪੀਣੀ ਆਂ, ਤਾਂ ਗੱਲ ਕਰੋ", ਉਸ ਅਗੋਂ ਕਿਹਾ।

"ਭਾ ਜੀ ਗਲਾਸੀ ਗਲਾਸੀ ਨਾਲ ਵੀ ਤੁਹਾਡੀ ਚਹੁੰ ਪੌਂਡਾਂ ਦੀ ਲਗ ਜਾਣੀ ਏ। ਚੰਗੀ ਗੱਲ ਇਹੀ ਏ ਕਿ ਸਾਨੂੰ ਦਸ ਸ਼ਲਿੰਗਾਂ ਦੇ ਕੇ ਤੋਰਦੇ ਕਰੋ", ਪ੍ਰੇਮ ਨੇ ਆਪਣੇ ਵਲੋਂ ਚੁਸਤੀ ਵਰਤਣੀ ਚਾਹੀ।

"ਆਪਾਂ ਕਿਹੜੀ ਕਿਤੋਂ ਲੈਣ ਜਾਣੀ ਆ। ਅਹੁ ਦੇਖੋ ਸਾਹਮਣੇ ਤਿੰਨ ਬੋਤਲਾਂ ਭਰੀਆਂ ਪਈਆਂ ਨੇ। ਪੀਓ ਜਿੰਨੀ ਦਿਲ ਕਰਦੈ।"

"ਮਿਹਰਬਾਨੀ, ਅਸੀਂ ਅਜੇ ਕੰਮ ਕਰਨੈ", ਕਹਿੰਦੇ ਅਸੀਂ ਉਥੋਂ ਤੁਰ ਪਏ। ਦਸ ਬਾਰਾਂ ਘਰ ਛੱਡ ਕੇ, ਇਕ ਭਾਰਤੀ ਲਗਦਾ ਘਰ ਦਾ ਬੂਹਾ ਜਾ ਖੜਕਾਇਆ ਥੋੜੀ ਜਿਹੀ ਦੇਰ ਮਗਰੋਂ, ਘਰ ਵਾਲੇ ਨੇ ਦਰਵਾਜ਼ਾ ਖੋਲ੍ਹ ਕੇ ਨਸ਼ੇ 'ਚ ਝੂਮਦਿਆਂ ਕਿਹਾ, "ਹਾਂਅ ਬਈ, ਕੀ ਚਾਹੀਦੈ?"

"ਭਾਈ ਜਾਨ, ਅਸੀਂ ਮਜ਼ਦੂਰ ਸਭਾ ...", ਸਭਾ ਸ਼ਬਦ ਅਜੇ ਕਰਮਜੀਤ ਦੇ ਮੂੰਹ 'ਚ ਹੀ ਸੀ ਕਿ ਉਹ ਕਰਮਜੀਤ ਨੂੰ ਟੋਕ ਕੇ ਕਹਿਣ ਲੱਗਾ, "ਥੋਡੇ ਦਫਤਰ ਆ ਕੇ ਬਣ ਜੂੰ।"

ਉਹਨੂੰ ਸਾਫ ਪਤਾ ਲਗਦਾ ਸੀ ਕਿ ਸਾਡੀ ਇਸ ਬਰਾਂਚ ਕੋਲ ਦਫਤਰ ਨਹੀਂ ਸੀ। ਜਿਹੜੀਆਂ ਅਸੀਂ ਦਸ ਸ਼ਲਿੰਗਾਂ ਫੀਸ ਵਜੋਂ ਲੈਂਦੇ ਸਾਂ, ਉਨ੍ਹਾਂ ਨਾਲ ਦੋ ਸਾਲਾਂ ਦੇ ਇਸ਼ਤਿਹਾਰਾਂ ਦਾ ਖਰਚ ਮਸੀਂ ਚਲਦਾ ਸੀ ਤੇ ਹੋਰ ਕੋਈ ਆਮਦਨ ਦਾ ਸਾਧਨ ਨਹੀਂ ਸੀ। ਫਿਰ ਦਫਤਰ ਦੇ ਕਿਰਾਏ ਲਈ ਅੱਠ ਦਸ ਪੌਂਡ ਕਿਥੋਂ ਆਉਂਦੇ? ਸਮਾਂ ਤਾਂ ਕਮੇਟੀ ਮੈਂਬਰ ਵਾਰੋਵਾਰੀ ਦੇ ਸਕਦੇ ਸਨ। ਇਸ ਲਈ ਕਰਮਜੀਤ ਨੇ ਬੇਨਤੀ ਕੀਤੀ, "ਜਦ ਤੁਹਾਡੇ ਵਰਗੇ ਦੋਸਤ ਸਾਨੂੰ ਦਫਤਰ ਦਾ ਖਰਚ ਚੁੱਕਣ ਯੋਗ ਕਰ ਦੇਣਗੇ ਤਾਂ ਅਸੀਂ ਜ਼ਰੂਰ ਦਫਤਰ ਖੋਲ੍ਹਣ ਦੀ ਖੁਸ਼ੀ ਲਵਾਂਗੇ। ਹਾਲ ਦੀ ਘੜੀ, ਜੇ ਤੁਹਾਨੂੰ ਜਾਂ ਤੁਹਾਡੇ ਕਿਸੇ ਸਨੇਹੀ ਨੂੰ ਪਾਸਪੋਰਟ ਬਣਵਾਉਣ ਬਾਰੇ ਜਾਂ ਫੋਟੋਆਂ ਸਹੀ ਕਰਵਾਉਣ ਆਦਿ ਸਾਡੇ ਗੋਚਰਾ ਕੰਮ ਹੋਵੇ, ਜੋ ਅਸੀਂ ਮੁਫਤ ਕਰਦੇ ਹਾਂ, ਤਾਂ ਸਾਡੇ ਪ੍ਰਧਾਨ ਦੇ ਘਰ ਨੂੰ ਦਫਤਰ ਸਮਝ ਕੇ ਕਿਸੇ ਦਿਨ ਵੀ ਸ਼ਾਮ ਨੂੰ ਆ ਸਕਦੇ ਹੋ। ਸਾਡੇ ਪ੍ਰਧਾਨ ਦੇ ਘਰ ਦਾ ਤਾਂ ਤੁਹਾਨੂੰ ਪਤਾ ਹੀ ਏ।"

"ਜਦ ਲੋੜ ਹੋਊ, ਤਾਂ ਆ ਜੂੰ", ਕਹਿੰਦਿਆਂ ਉਸ ਦਰਵਾਜ਼ਾ ਲਾ ਲਿਆ। ਤੇ ਅਸੀਂ ਕਿਸੇ ਹੋਰ ਘਰ ਲਈ ਤੁਰ ਪਏ। ਸੂਰਜ ਕਿਰਨਾਂ ਬੱਦਲਾਂ 'ਚ ਸੰਧੂਰ ਘੋਲਦੀਆਂ ਘੋਲਦੀਆਂ ਤਿਰਸ਼ੀਆਂ ਹੋਣ ਲਗ ਪਈਆਂ ਸਨ ਤੇ ਪਰਛਾਵੇਂ ਕਰੇੜਨੇ ਵਾਂਗ ਗੁਛ-ਮੁਛ।

ਗੜ੍ਹੇ ਫੇਰ ਪੈਣ ਲਗ ਪਏ ਸਨ। ਵਰ੍ਹਦੇ ਗੜ੍ਹਿਆਂ ਤੇ ਸ਼ੂਕਦੀ ਕੁਰਲਾਉਂਦੀ ਹਵਾ ਨਾਲ ਝੂਮਦੀਆਂ ਚੀਕਦੀਆਂ ਰੁੱਖ ਟਾਹਣੀਆਂ ਵਾਤਾਵਰਨ 'ਚ ਕੀਲ ਦੇਣਾ ਸੰਗੀਤ ਘੋਲ ਰਹੀਆਂ ਸਨ ਤੇ ਅਸੀਂ ਉਹਦੇ ਪਰਭਾਵ ਨਾਲ ਬਦੋਬਦੀ ਕੀਲੇ ਜਾ ਰਹੇ ਸਾਂ। ਉਸ ਪਰਭਾਵ ਤੋਂ ਬਚਣ ਲਈ ਅਸੀਂ ਬਥੇਰੇ ਪੈਰ ਪਟਕਦੇ, ਹੱਥ ਮਲਦੇ ਤੇ ਓਵਰਕੋਟਾਂ ਦੇ ਕਾਲਰਾਂ ਨੂੰ ਗਰਦਨਾਂ ਵਲ ਖਿਚਦੇ, ਪਰ ਸਭ ਬੇਅਰਥ।

ਪੱਬ ਖੁਲ੍ਹਣ ਦਾ ਸਮਾਂ ਹੋ ਗਿਆ ਸੀ। ਕੁਝ ਲੋਕਾਂ ਦੇ ਪੱਬਾਂ ਨੂੰ ਜਾਣ ਲੱਗ ਪਏ ਕਰਕੇ, ਕੁਝ ਸਾਡੀਆਂ ਆਪਣੀਆਂ ਹੀਲਾਂ ਹੋ ਜਾਣ ਕਰਕੇ ਅਸੀਂ ਹਥਲੀ ਸੜਕ ਨਬੇੜ ਕੇ ਕੰਮ ਬੰਦ ਕਰ ਦੇਣ ਦੀ ਪੱਕੀ ਧਾਰ ਲਈ ਸੀ। ਉਸ ਸੜਕ ਦਾ ਅੰਤਲਾ ਹੀ ਘਰ ਰਹਿੰਦਾ ਸੀ, ਜੋ ਦੇਖਣ ਨੂੰ ਬੜਾ ਸਾਧਾਰਨ ਜਿਹਾ ਲਗਦਾ ਸੀ। ਉਹਦੇ ਗਰੀਬੜੇ ਜਿਹੇ ਪਰਭਾਵ ਕਰਕੇ ਸਾਨੂੰ ਉਥੋਂ ਕੋਈ ਆਸ ਨਹੀਂ ਸੀ। ਉਮੀਦ ਤਾਂ ਕਿਸੇ ਨੂੰ ਵੀ ਨਹੀਂ ਸੀ, ਪਰ ਪ੍ਰੇਮ ਤਾਂ ਅਤਿ ਨਿਰਾਸ ਜਾਪ ਰਿਹਾ ਸੀ। ਇਸ ਲਈ ਜਦ ਉਹਨੂੰ ਡੋਰ ਕਰਨ ਲਈ ਕਿਹਾ, ਤਾਂ ਉਹ "ਛਡੋਂ ਪਰ੍ਹੇ ਇਥੋਂ ਕਿਹੜੀਆਂ ਪੂਰੀਆਂ ਪੈ ਚੱਲੀਆਂ ਨੇ", ਕਹਿੰਦਾ ਹੋਇਆ ਉਹ ਸਗੋਂ ਹੋਰ ਪਰ੍ਹਾਂ ਹਟ ਗਿਆ। ਉਹਨੂੰ ਇੰਨਾ ਨਿਰਾਸਿਆ ਵੇਖ ਕੇ, ਕੇਹਰ ਨੇ ਅੱਗੇ ਵਧ ਕੇ ਬੂਹਾ ਜਾ ਖੜਕਾਇਆ। ਪਲਕੁ ਮਗਰੋਂ ਇਕ ਮੁਸਕਰਾਉਂਦਾ ਚਿਹਰਾ ਸਾਡੇ ਅੱਗੇ ਆ

ਬਾਕੀ ਪੰਨਾ 18 'ਤੇ

ਪੰਜਾਬੀ ਕਵੀ —ਹਰਕੇਵਲ ਸਿੰਘ ਕੇਵਲ

"ਤੂਫ਼ਾਨ ਮੇਂ ਘਿਰ ਕਰ ਗੋ ਇਨਸਾਂ, ਹੈਰਾਨੋ-ਪਰੇਸ਼ਾਂ ਹੋਤਾ ਹੈ,
ਤੂਫ਼ਾਨ ਮੇਂ ਘਿਰ ਕਰ ਹੀ ਲੇਕਿਨ, ਅੰਦਾਜ਼ਿ-ਤੂਫ਼ਾਂ ਹੋਤਾ ਹੈ।"

ਭਾਰਤ ਦੇ ਤੇ ਖਾਸ ਕਰ ਪੰਜਾਬ ਦੇ ਅਨੇਕਾਂ ਕਵੀ ਤੇ ਕਲਾਕਾਰ ਅੱਜ ਦੇਸ਼ ਤੋਂ ਬਾਹਰ ਕੰਮ ਕਾਰ ਤੇ ਨੌਕਰੀਆਂ ਕਰ ਰਹੇ ਹਨ। ਤੰਗੀਆਂ, ਮਜ਼ਬੂਰੀਆਂ ਤੇ ਆਪਣੇ ਦੇਸ 'ਚ ਕਾਰੋਬਾਰ ਨਾ ਮਿਲਣ ਦੇ ਕਾਰਨ ਨੌਜਵਾਨ ਤੇ ਹੋਣਹਾਰ ਕਲਾਕਾਰਾਂ ਨੂੰ ਪਿਆਰੇ ਮਿੱਤਰਾਂ ਅਤੇ ਸੰਬੰਧੀਆਂ ਤੋਂ ਦੂਰ ਸਮੁੰਦਰੋਂ ਪਾਰ ਜਾਣਾ ਪੈਂਦਾ ਹੈ। ਆਜ਼ਾਦੀ ਤੋਂ ਬਾਅਦ ਵੀ ਭਾਰਤ ਦੀ ਆਰਥਕ ਸਥਿਤੀ ਠੀਕ ਨਾ ਹੋ ਸਕੀ, ਇਸ ਲਈ ਸਾਡੇ ਅਨੇਕਾਂ ਡਾਕਟਰ ਤੇ ਸਾਇੰਸਦਾਨ ਆਦਿ ਵੀ ਦੇਸ ਤੋਂ ਬਾਹਰ ਕਾਰੋਬਾਰ 'ਚ ਲਗ ਗਏ। ਕਈ ਸਾਲ ਪਹਿਲਾਂ ਆਰਥਕ ਤੰਗੀਆਂ ਦੇ ਕਾਰਨ ਨੌਜਵਾਨ ਕਵੀ ਹਰਕੇਵਲ ਸਿੰਘ 'ਕੇਵਲ' ਨੂੰ ਵੀ ਪ੍ਰਦੇਸ ਜਾਣਾ ਪਿਆ ਘਰੋਂ ਦੂਰ ਜਾ ਕੇ ਉਸ ਨੂੰ ਦੇਸ-ਪ੍ਰਦੇਸ ਦੇ ਅੰਤਰ ਦਾ ਪਤਾ ਲੱਗਾ, ਕੁਝ ਅਨੁਭਵ ਹੋਇਆ, ਇਸ ਤੋਂ ਅਨੁਭੂਤੀ ਬਣੀ ਤੇ ਕਵਿਤਾ ਦਾ ਅਵੇਸ਼ ਹੋਇਆ। ਇਸ ਲਈ ਸਭ ਤੋਂ ਪਹਿਲਾਂ ਉਸ ਦੀ ਕਵਿਤਾ "ਬਨਵਾਸੀ" ਤੇ ਇਕ ਝਾਤ ਪਾਉਣੀ ਜ਼ਰੂਰੀ ਹੈ। ਦੇਖਣਾ ਇਹ ਹੈ ਕਿ ਤੂਫਾਨ 'ਚ ਘਿਰ ਕੇ ਹੀ ਕਿਵੇਂ ਤੂਫ਼ਾਨ ਦਾ ਅੰਦਾਜ਼ਾ ਹੁੰਦਾ ਹੈ! ਕਵੀ ਕਵਿਤਾ ਸ਼ੁਰੂ ਕਰਨ ਤੋਂ ਪਹਿਲਾਂ ਆਪਣੀ ਪਰੰਪਰਾ ਭਾਵ ਰਾਮਾਇਣ ਤੋਂ ਆਸਰਾ ਲੈਂਦਾ ਹੈ। ਸਵੱਸਥ ਪਰੰਪਰਾ ਤੇ ਸ਼ਾਸਤ੍ਰੀਯ ਸਾਹਿੱਤ ਵਰਤਮਾਨ 'ਚ ਰਚਾਅ ਪੈਦਾ ਕਰਦਾ ਤੇ ਨਾਲ ਹੀ ਕਵੀ ਦੇ ਅਨੁਭਵ, ਉਸ ਦੇ ਮਿਥੇ ਰੂਪਕ, ਉਪਮਾ ਤੇ ਅਲਾਮਤ ਨੂੰ ਪੁਖਤਾ ਕਰਦਾ ਹੈ:

"ਮੈਂ ਬਨਵਾਸੀ ਰਾਮ,
ਕੱਟ ਰਿਹਾਂ ਆਪਣਾ ਬਨਵਾਸ,
ਇਹ ਬਨਵਾਸ ਨਾ ਕਿਧਰੋਂ ਮਿਲਿਆ;
ਨਾ ਕੋਈ ਪਿਛਲੇ ਜਨਮ ਦਾ ਪਾਪ!
ਨਾ ਹੀ ਇਹ 'ਕਕੱਈ-ਮਾਂ' ਦੇ —
ਹੈ ਕਿਸੇ ਵਰ ਦਾ ਪ੍ਰਤਾਪ!
ਇਹ ਬਨਵਾਸ ਮਿਰੇ ਵਿਚੋਂ ਜੰਮਿਆ,
ਮੈਂ ਹੀ ਮਾਂ ਤੇ ਮੈਂ ਹੀ ਬਾਪ!"

(ਪ੍ਰਸਿੱਧ ਪੰਜਾਬੀ ਕਵੀ ਹਰਕੇਵਲ ਸਿੰਘ ਕੇਵਲ ਅੱਜ ਕਲ੍ਹ ਵੈਨਕੂਵਰ ਵਿਚ ਆਏ ਹੋਏ ਹਨ। ਉਹ ਕਈ ਪੰਜਾਬੀ ਪੁਸਤਕਾਂ ਦੇ ਰਚੇਤਾ ਹਨ ਜਿਨ੍ਹਾਂ ਵਿਚ 'ਪੱਥਰ ਦੇ ਫੁੱਲ' ਪੁਸਤਕ ਬਹੁਤ ਮਕਬੂਲ ਹੋਈ ਸੀ। ਆਪ ਪਹਿਲਾਂ ਇੰਗਲੈਂਡ ਵਿਚ ਕਾਫੀ ਸਮਾਂ ਰਹੇ ਹਨ ਤੇ ਲੋਕ-ਘੋਲਾਂ ਵਿਚ ਸ਼ਾਮਲ ਹੁੰਦੇ ਰਹੇ ਹਨ। ਇਸ ਪੁਸਤਕ ਦੀ ਭੂਮਿਕਾ ਪ੍ਰਸਿੱਧ ਕਵੀ ਬਾਵਾ ਬਲਵੰਤ ਜੀ ਨੇ ਲਿਖੀ ਸੀ ਤੇ ਕਿਹਾ ਸੀ ਕਿ ਕੇਵਲ ਕੌਮਾਂਤਰੀ ਵਿਚਾਰਾਂ ਵਾਲਾ ਦਵੰਦਵਾਦੀ ਕਵੀ ਹੈ। ਉਸਨੂੰ ਮਨੁੱਖ ਮਾਤਰ ਨਾਲ, ਸਚਾਈ, ਇਨਸਾਫ, ਇਨਸਾਨੀਅਤ ਅਤੇ ਕਲਾ ਨਾਲ ਪਿਆਰ ਹੈ

ਸੰਪਾਦਕ)



ਬਦੇਸਾਂ 'ਚ ਵੱਸਣ ਵਾਲੇ ਸੈਂਕੜੇ ਕਵੀਆਂ, ਕਲਾਕਾਰਾਂ ਤੇ ਕਿਰਤਕਾਰਾਂ ਦੇ ਮਨ ਦੀ ਬੜੀ ਸੁੰਦਰ ਤਰਜਮਾਨੀ ਹੈ। ਇਸ ਵਿਚ ਹੱਡ ਭੰਨ ਮਿਹਨਤ, ਵਾਤਾਵਰਨ ਦੀਆਂ ਮਜ਼ਬੂਰੀਆਂ ਕਾਲੇ-ਕਿਰਤੀਆਂ ਬਾਰੇ ਫੈਲਾਈ ਗਈ ਨਫ਼ਰਤ ਦਾ ਵੀ ਕਵੀ ਨੇ ਅੱਗੇ ਚਲ ਕੇ ਬੜੀ ਸ਼ਿੱਦਤ ਨਾਲ ਜ਼ਿਕਰ ਕੀਤਾ ਹੈ:

"ਮੇਰੀ ਅਯੁੱਧਿਆ ਦਾ ਹਰ ਵਾਸੀ,
ਭੋਗਣ ਆਇਆ ਜੂਨ-ਚੁਰਾਸੀ,
ਬਿਨ ਦੇਖੇ ਜੋ ਕਰਨ ਭਰੋਸਾ,
ਉਹ ਹਨ ਵੱਡੇ ਅੰਧ-ਵਿਸ਼ਵਾਸੀ।
ਸੂਰਜ ਚੜ੍ਹਨ ਤੋਂ ਸੂਰਜ ਛਿਪਣ ਤੱਕ,
ਹੱਡ ਭੰਨ ਮਿਹਨਤ ਕਰਦਾ ਹਾਂ,
ਪੱਥਰ ਚੀਰਦੀਆਂ ਤਿੱਖੀਆਂ ਨਜ਼ਰਾਂ,
ਦਿਲ ਆਪਣੇ 'ਚ ਜਰਦਾ ਹਾਂ।"

ਉਹ ਗੋਰੇ ਮਜ਼ਦੂਰਾਂ ਦੀਆਂ ਗੁੱਸੇ ਭਰੀਆਂ ਨਜ਼ਰਾਂ, ਮੱਥੇ ਦੀਆਂ ਤਿਊੜੀਆਂ ਤੇ ਬੇਰੁਖੀਆਂ ਜਰਦਾ ਹੈ ਤੇ ਫੇਰ ਆਪਣੇ ਤੇ ਸਵਾਲ ਕਰਦਾ ਹੈ:

"ਸੂਲਾਂ ਤੇ ਇਸ ਝੁਰਮਟ ਵਿਚੋਂ
ਬਨਵਾਸ ਬਿਨਾਂ ਕੋਈ ਹੋਰ ਵੀ ਰਾਹ ਹੈ?
ਹਾਂ ਹੈ — ਤੇ ਹਰ ਬਨਵਾਸੀ;
ਸੋਚ ਵਿਹੂਣਾ ਇਕ ਗੁਮਰਾਹ ਹੈ।
ਹੋਰ ਵੀ ਰਾਹ ਹੈ ਤੇ ਉਹ ਰਾਹ —
ਬਸ ਇਕੋ ਸੰਗ੍ਰਾਮ ਦਾ ਰਾਹ ਹੈ।"

ਸੰਗ੍ਰਾਮ-ਰਤ ਕੌਮਾਂ ਹੀ ਸਦਾ ਅੱਗੇ ਵਧਦੀਆਂ ਤੇ ਆਪਣੀ ਤਕਦੀਰ ਬਦਲਦੀਆਂ ਹਨ। ਸੰਗ੍ਰਾਮ-ਰਤ ਕੌਮਾਂ ਦਾ ਸਾਹਿਤ ਹੀ ਜਾਨਦਾਰ, ਸਮੇਂ ਦਾ ਹਾਣੀ, ਜੀਵਨ ਬਖਸ਼, ਚੇਤਨਾ ਭਰਪੂਰ, ਉੱਚ ਪਾਏ ਦਾ ਤੇ ਸੱਚਾ ਹੁੰਦਾ ਹੈ ਕਿਉਂਕਿ ਉਹ ਜੀਵਨ ਦੇ ਘੋਲ 'ਚੋਂ ਉਪਜਿਆ ਸਾਹਿਤ ਹੈ, ਉਹ ਬਿਹਤਰ ਜ਼ਿੰਦਗੀ ਦੀ ਸੇਧ ਵਾਲਾ, ਸਵੱਸਥ ਤੇ ਮਿਆਰੀ ਹੁੰਦਾ ਹੈ ਇਸ ਲਈ ਵੀ ਕਿ ਉਹ ਦਵੰਦ-ਵਾਦ ਦੀ ਦੇਣ ਹੈ।

ਸੰਗ੍ਰਾਮ ਸਦਕਾ ਹੀ ਤਾਂ, ਉਰਦੂ ਦਾ ਇਕ ਕਵੀ ਕਹਿੰਦਾ ਹੈ:

"ਕਲ ਮਿਰੇ ਹਾਥ ਮੇਂ ਤਕਰੀਰਿ-ਗੁਲਿਸਤਾਂ ਹੋਗੀ।"

ਸਾਹਿੱਤ ਅਤੇ ਜੀਵਨ 'ਚ ਇਕ ਭੂਮੀਗਤ ਸੰਬੰਧ ਹੁੰਦਾ ਹੈ ਜਿਵੇਂ ਕਿ ਵੱਖ ਵੱਖ ਦਰਖਤਾਂ-ਬੂਟਿਆਂ ਦਾ ਧਰਤੀ ਨਾਲ ਸੰਬੰਧ ਹੈ। ਇਹ ਮੰਨਣ ਵਿਚ ਕੋਈ ਇਨਕਾਰ ਨਹੀਂ ਹੋ ਸਕਦਾ ਕਿ ਸਾਹਿਤ ਦਾ ਜੀਵਨ ਨਾਲ ਬਹੁਤ ਗਹਿਰਾ ਸੰਬੰਧ ਹੈ। ਸਾਹਿਤਕਾਰ ਸਮਾਜ ਦੀ ਚੇਤਨ-ਇਕਾਈ ਹੈ ਉਸ ਤੇ ਆਰਥਕ ਤੇ ਰਾਜਨੀਤਕ ਹਾਲਾਤ ਦਾ ਅਸਰ ਹੁੰਦਾ ਹੈ, ਸਾਧਾਰਨ ਆਦਮੀ ਵੀ ਤੰਗੀਆਂ ਤੇ ਮਜ਼ਬੂਰੀਆਂ ਤੋਂ ਤੜਪਦਾ ਹੈ, ਪਰ ਚੇਤਨ ਕਲਾਕਾਰ ਵਧੇਰੇ ਲੁੱਛਦਾ ਹੈ ਤੇ ਉਸ ਨੂੰ ਤੰਗੀਆਂ ਅਤੇ ਬੇ-ਇਨਸਾਫੀਆਂ ਦੇ ਕਾਰਨ ਦਾ ਗਿਆਨ ਵੀ ਹੁੰਦਾ ਹੈ। ਉਸ ਦੀ ਸੂਝ ਤੇ ਜਜ਼ਬਿਆਂ 'ਚ ਇਕ ਕੰਡਾ ਚੁੱਭਦਾ ਰਹਿੰਦਾ ਹੈ। ਕਲਾਕਾਰ ਨੂੰ ਆਪਣੇ ਆਸ-ਪਾਸ ਫੈਲੀ ਹੋਈ ਜ਼ਿੰਦਗੀ ਤੋਂ ਪੂਰੀ ਤਰ੍ਹਾਂ ਜਾਣਕਾਰ ਹੋਣਾ ਪੈਂਦਾ ਹੈ ਇਸ ਲਈ 'ਬਨਵਾਸੀ ਕਵੀ' ਨੂੰ ਇੰਗਲੈਂਡ 'ਚ ਆ ਕੇ ਇਕ ਹੋਰ ਤੀਖਨ ਅਨੁਭਵ ਹੋਇਆ ਹੈ ਇਹ ਤਲਖ ਤਜਰਬਾ ਪ੍ਰਦੇਸਾਂ 'ਚ ਰਹਿੰਦੇ ਸਾਡੇ ਸਭ ਕਲਾਕਾਰਾਂ ਨੂੰ ਹੋਇਆ ਹੈ। ਉਹ ਹੱਡ-ਭੰਨ ਮਿਹਨਤਾਂ ਕਰ ਰਹੇ ਹਨ, ਜ਼ਿੰਦਗੀ ਨਾਲ, ਸਮੇਂ ਤੇ ਵਾਤਾਵਰਨ ਨਾਲ ਜੂਝ ਰਹੇ ਹਨ ਤੇ ਤਜਰਬਾ ਹਾਸਲ ਕਰ ਰਹੇ

ਬਾਕੀ ਪੰਨਾ 19 ਤੇ

ਪੰਨਾ 17 ਦੀ ਬਾਕੀ

ਮਹਿਕਿਆ। ਜਦ ਕਰਮਜੀਤ ਨੇ ਉਹਨੂੰ ਆਉਣ ਦਾ ਮਨੋਰਥ ਦੱਸਿਆ, ਤਾਂ ਉਹ ਉਸੇ ਤਰ੍ਹਾਂ ਮੁਸਕਰਾਉਂਦਾ ਹੋਇਆ ਕਹਿਣ ਲੱਗਾ, "ਆਓ, ਜੀ ਆਇਆਂ ਨੂੰ। ਰਤਾ ਨਿੱਘੇ ਤਾਂ ਹੋਵੋ। ਠੰਢ ਨਾਲ ਤਾਂ ਥੋਡਾ ਦੰਦੋਕੜਾ ਵਜ ਰਿਹੈ", ਕਹਿੰਦਿਆਂ ਉਸ ਪਤਨੀ ਨੂੰ ਚਾਹ ਬਣਾਉਣ ਲਈ ਆਵਾਜ਼ ਮਾਰੀ।

ਜਦ ਅਸੀਂ ਚਾਹ ਪੀ ਕੇ ਤੇ ਉਨ੍ਹਾਂ ਨੂੰ ਮੈਂਬਰ ਬਣਾ ਕੇ ਘਰੋਂ ਬਾਹਰ ਆਏ, ਤਾਂ ਪ੍ਰੇਮ ਨੇ ਸਵੇਰ ਵਰਗੇ ਠਾਠਾਂ ਮਾਰਦੇ ਉਤਸ਼ਾਹ ਨਾਲ ਕਿਹਾ, "ਚਲੋ, ਪੈਂਦੀ ਹੱਥੀਂ ਨਾਲ ਦੀ ਗਲੀ ਵੀ ਨਬੇੜ ਲਈਏ।"

ਪੰਨਾ 18 ਦੀ ਬਾਕੀ

ਹਨ। ਜੋ ਸਾਂਝਾ ਅਨੁਭਵ ਸਾਡੇ ਕਵੀਆਂ ਤੇ ਲਿਖਾਰੀਆਂ ਸਾਹਮਣੇ ਆਇਆ ਹੈ, ਉਹ ਹੈ ਰੰਗ ਤੇ ਨਸਲ ਦਾ ਭੇਦ-ਭਾਵ, ਇਕ ਝਗੜਾ, ਇਕ ਬਖੇੜਾ ਤੇ ਫਜ਼ੂਲ ਨਫ਼ਰਤ ਪਾਸਾਰ ਆਦਿ। ਕਵੀ ਹਰਕੇਵਲ ਸਿੰਘ 'ਕੇਵਲ' ਆਪਣੀਆਂ ਕਈ ਨਜ਼ਮਾਂ 'ਚ ਇਸ ਸਮੱਸਿਆ ਬਾਰੇ ਰੌਸ਼ਨੀ ਪਾਉਂਦਾ ਹੋਇਆ ਆਪਣੇ ਗੋਰੇ ਸਾਥੀ ਨੂੰ ਵੀ ਹਕੀਕਤ ਤੋਂ ਆਸ਼ਨਾ ਕਰਵਾਉਂਦਾ ਹੈ :

"ਦੇਖ ਵੀਰਾ, ਆਪਾਂ ਇਕੱਠੇ ਹਾਂ ਕੰਮ ਕਰਦੇ,
ਇਕ ਦੂਜੇ ਦੀ ਹੋਂਦ ਦਾ ਆਪਾਂ ਹੀ ਦਮ ਭਰਦੇ।
ਮੇਰੇ ਬੱਚੇ ਭੁੱਖੇ ਤਾਂ ਤੇਰੇ ਤਨ ਤੋਂ ਨੰਗੇ,
ਮੈਂ ਵੀ ਜਾਣਦਾ ਹਾਂ ਤੇ ਤੂੰ ਵੀ ਜਾਣਦਾ ਏਂ।
ਪਰ ਮੈਨੂੰ ਇਹ ਕਿਹਾ ਜਾਂਦਾ ਰਿਹਾ, ਮੇਰਾ ਹੈ ਰੰਗ ਕਾਲਾ,
ਤੇ ਤੈਨੂੰ ਕਿਹਾ ਜਾਂਦਾ ਰਿਹਾ ਤੇਰਾ ਹੈ ਰੰਗ ਗੋਰਾ ;

ਤੇ ਤੂੰ, ਮੇਰੀ ਕਾਲਖ ਤੋਂ ਧਰਤੀ ਬਚਾ! .... ਪਰ —
ਜੇ ਇਹ ਦੇਸ਼ ਤੇਰਾ, ਜੇ ਇਹ ਧਰਤ ਤੇਰੀ,
ਤਾਂ ਰਹਿਣ ਲਈ ਕਿਉਂ ਤੇਰੇ ਕੋਲ ਘਰ ਨਹੀਂ ?
ਜ਼ਿੰਦਗੀ ਤੇਰੀ ਹੈ ਕਿਉਂ — ਦਰ ਦਰ ਦੇ ਉਤੇ ਭਟਕਦੀ ?
ਸਾਰਾ ਦਿਨ ਹੱਡ-ਭੰਨ ਮਿਹਨਤ,
ਬੱਚੇ ਤੇਰਾ ਮੂੰਹ ਦੇਖਣ ਲਈ ਤਰਸਦੇ,
ਸਾਥਨ ਤੇਰੀ ਪਤਾ ਨਹੀਂ ਕਿਸ ਘੁੰਮਣ-ਘੇਰੀ 'ਚ ਫਸੀ,
ਕੀ ਇਹੋ ਕੁਝ ਹੈ ਦੇਸ਼ ਹੁੰਦਾ ?
ਕੀ ਇਹੋ ਹੁੰਦੀ ਜ਼ਿੰਦਗੀ ?"

ਕਵੀ ਦਸਦਾ ਹੈ ਕਿ ਸਾਡੀ ਦੋਵਾਂ ਕਿਰਤਕਾਰਾਂ ਦੀ ਹਾਲਤ ਇਕੋ ਜਿਹੀ ਹੈ ਤੇ ਅਸੀਂ ਦੋਵੇਂ ਮੁਨਾਫਾ ਖੋਰਾਂ ਦੇ ਸ਼ਿਕਾਰ ਹਾਂ ਜੋ ਕਿ ਪੰਜ ਦਸ ਫੀ ਸਦੀ ਤੋਂ ਵਧ ਨਹੀਂ। ਮਿਹਨਤ ਦਾ ਫਲ ਉਹ ਖਾ ਜਾਂਦੇ ਹਨ ਤੇ ਸਾਡੇ 'ਚ ਨਫ਼ਾਕ, ਲੜਾਈ ਤੇ ਨਫ਼ਰਤ ਆਦਿ ਫੈਲਾਈ ਰਖਦੇ ਹਨ। ਨਿੱਜੀ ਮੁਨਾਫ਼ਾ ਰੱਖਣ ਵਾਲੀ ਧਨੀਆਂ ਦੀ 'ਹਵਸ' —

"ਨਸਲਾਂ ਦੀ ਆੜ ਲੈ ਰਾਹੀ,
ਕੁਰਬਾਨ ਕਰ ਸਕਦੀ ਹੈ ਕਿਰਤੀ ਦੀ ਹਰ ਖੁਸ਼ੀ।
ਨਸਲ ਦਰ ਅਸਲ ਕੁਝ ਨਹੀਂ।"

ਤੇ ਫੇਰ ਅਗੇ ਬੁਨਿਆਦੀ ਗੱਲ ਕਹਿੰਦਾ ਹੈ :

"ਕਿਰਤ ਦਾ ਰੰਗ ਗੋਰਾ, ਕਿਰਤੀ ਦਾ ਰੰਗ ਗੋਰਾ,
ਹਵਸ ਦਾ ਰੰਗ ਕਾਲਾ, ਹਵਸੀ ਦਾ ਰੰਗ ਕਾਲਾ।"

ਰੰਗੋ-ਨਸਲ ਦੀ ਇਸ ਨਫਰਤ ਦੇ ਖਿਲਾਫ 'ਕੇਵਲ' ਜੀ ਦੀ ਤਰ੍ਹਾਂ ਸ੍ਰੀ ਜਗਤਾਰ 'ਢਾਹ' ਅਵਤਾਰ 'ਸਾਦਿਕ' ਸੰਤੋਖ ਸਿੰਘ 'ਧੀਰ' ਨਿਰੰਜਨ ਸਿੰਘ 'ਨੂਰ', ਸ਼ੰਕਰ 'ਜੋਸ਼ੀਲਾ' ਗੁਰਨਾਮ 'ਢਿੱਲੋਂ' ਤੇ ਸਵਰਨ 'ਚੰਦਨ' ਆਦਿ। ਇੰਗਲੈਂਡ ਦੇ ਲਗਭਗ ਸਾਰੇ ਕਵੀ ਲਿਖਦੇ ਹਨ ਤੇ ਆਪਣੇ ਆਪਣੇ ਰੰਗ 'ਚ ਇਸ ਭੇਦ-ਭਾਵ ਵਾਲੀ ਨੀਤੀ ਤੇ ਚੰਗੇ ਵਿਅੰਗ ਕਰਦੇ ਹਨ। ਉਹ ਸੰਘਰਸ਼ਮਈ ਜ਼ਿੰਦਗੀ 'ਚੋਂ ਲੰਘ ਰਹੇ ਹਨ ਤੇ ਚੰਗੇਰੀ ਜ਼ਿੰਦਗੀ ਦੇ ਘੋਲ 'ਚ ਅਗੇ ਵਧ ਰਹੇ ਹਨ। ਉਨ੍ਹਾਂ ਨੇ ਬਰਤਾਨੀਆਂ 'ਚ ਆਪਣੇ ਅਮਲ ਤੇ ਸੰਘਰਸ਼ ਰਾਹੀਂ ਮੈਦਾਨ 'ਚ ਜੂਝ ਕੇ ਆਪਣੀਆਂ ਮੰਗਾਂ ਵੀ ਮਨਵਾਈਆਂ ਹਨ, ਪਰ ਉਨ੍ਹਾਂ ਨੇ ਬੀਰ-ਜਜ਼ਬਿਆਂ ਤੋਂ ਬਿਨਾਂ ਕੋਮਲ ਤੇ ਪਿਆਰ-ਰਤ ਜਜ਼ਬਿਆਂ ਦੀ ਤਰਜਮਾਨੀ ਵੀ ਖੂਬ ਕੀਤੀ ਹੈ। 'ਕੇਵਲ' ਦੇ ਗੀਤ ਤੇ ਗ਼ਜ਼ਲਾਂ ਇਸ ਦਾ ਭਰਪੂਰ ਪ੍ਰਮਾਣ ਹਨ।

'ਕੇਵਲ' ਦੀ ਗ਼ਜ਼ਲ ਬਾਰੇ ਵਿਚਾਰ ਕਰਦਿਆਂ ਗ਼ਜ਼ਲ ਤੇ ਥੋੜੀ ਰੌਸ਼ਨੀ ਪਾਉਣੀ ਵੀ ਜ਼ਰੂਰੀ ਮਲੂਮ ਹੁੰਦੀ ਹੈ। ਗ਼ਜ਼ਲ ਪੰਜਾਬੀ ਕਵੀਆਂ ਲਈ ਕੋਈ ਓਪਰਾ ਕਾਵਿ-ਰੂਪ ਨਹੀਂ। ਨਵੀਂ ਪੰਜਾਬੀ ਕਵਿਤਾ ਦੇ ਮੁੱਢ ਵਿਚ ਹੀ, ਸ੍ਰੀ ਮੌਲਾ ਬਖਸ਼ 'ਕੁਸ਼ਤਾ' ਸ੍ਰੀ ਧਨੀ ਰਾਮ ਜੀ 'ਚਾਤ੍ਰਿਕ' ਤੇ ਡਾਕਟਰ ਦੇਵੀ ਦਾਸ ਜੀ 'ਹਿੰਦੀ' ਨੇ ਚੰਗੀਆਂ ਗ਼ਜ਼ਲਾਂ ਲਿਖੀਆਂ ਹਨ।

ਗ਼ਜ਼ਲ ਇਕ ਸੂਤਰਮ ਕਾਵਿ ਰੂਪ ਹੈ। ਅਰਥ ਦੀ ਦਰਿਸ਼ਟੀ ਤੋਂ ਗ਼ਜ਼ਲ ਦਾ ਹਰ ਸ਼ੇਅਰ ਆਪਣੀ ਥਾਂ ਸੁਤੰਤਰ ਹੁੰਦਾ ਹੈ। ਮਨ ਦੇ ਵਿਕੋਲਿਤਰੇ ਭਾਵਾਂ ਨੂੰ ਥੋੜ੍ਹੇ ਜਿਹੇ ਸ਼ਬਦਾਂ 'ਚ ਵਧ ਤੋਂ ਵਧ ਪ੍ਰਭਾਵਸ਼ਾਲੀ ਢੰਗ ਨਾਲ ਸਾਕਾਰ ਕਰਨਾ ਗ਼ਜ਼ਲ ਦਾ ਹੀ ਕਮਾਲ ਹੈ। ਗ਼ਜ਼ਲ ਦੇ ਸ਼ੇਅਰ, ਅਰਥ ਦੀ ਦਰਿਸ਼ਟੀ ਤੋਂ ਸੰਬੰਧਹੀਨ ਹੋਣ ਤੇ ਵੀ ਇਕ ਕਾਫ਼ੀਏ ਤੇ ਰਦੀਫ਼ ਵਿਚ ਬੱਧੇ ਹੋਣ ਅਤੇ ਇਕ ਹੀ ਛੰਦ ਵਿਚ ਕਹੇ ਜਾਣ ਦੇ ਕਾਰਨ, ਇਕ ਧੁਨੀਆਤਮਿਕ ਵਾਤਾਵਰਨ ਦੀ ਸਰਿਸ਼ਟੀ ਕਰ ਦੇਂਦੇ ਹਨ। ਇਸ ਵਿਚ ਵੱਖ ਵੱਖ ਸ਼ੇਅਰਾਂ ਦਾ ਅਰਥ ਚੰਗੀ ਤਰ੍ਹਾਂ ਉਭਰ ਆਉਂਦਾ ਹੈ ਤੇ ਉਜਾਗਰ ਹੋ ਜਾਂਦਾ ਹੈ। ਗ਼ਜ਼ਲ ਜਨ-ਸਾਧਾਰਨ ਨੂੰ ਐਸੀ ਪਿਆਰੀ ਹੈ ਕਿ ਮੁਸ਼ਾਇਰਿਆਂ ਦੀ ਜਿੰਦ-ਜਾਨ ਕਹੀ ਜਾ ਸਕਦੀ ਹੈ। ਆਜ਼ਾਦੀ ਤੋਂ ਬਾਅਦ, ਗ਼ਜ਼ਲ ਦਾ ਪ੍ਰਚਲਣ ਪੰਜਾਬੀ ਕਾਵਿ-ਖੇਤਰ 'ਚ ਵਧੇਰੇ ਹੋਇਆ ਹੈ।

ਗ਼ਜ਼ਲ ਦਾ ਵਿਸ਼ਾ ਸੀਮਤ ਨਹੀਂ, ਪਰ ਫੇਰ ਵੀ ਉਸ ਵਿਚ ਮੁਖ ਤੌਰ ਤੇ — ਕਰੁਣਾ, ਪ੍ਰੇਮ ਅਤੇ ਸਮਰਪਣ ਦੇ ਹੀ ਭਾਵ ਪ੍ਰਦਰਸ਼ਤ ਕੀਤੇ ਜਾਂਦੇ ਹਨ। ਗ਼ਜ਼ਲਾਂ ਵਿਚ ਕਿਉਂਕਿ ਇਕੋ ਸ਼ੇਅਰ ਵਿਚ ਗੱਲ ਕਹਿਣੀ ਹੁੰਦੀ ਇਸ ਲਈ ਉਸ ਵਿਚ ਪ੍ਰਤੀਕਾਤਮਿਕਤਾ ਦਾ ਬੜਾ ਆਸਾਰਾ ਲਿਆ ਜਾਂਦਾ ਹੈ। ਹੁਣ ਗ਼ਜ਼ਲ ਵਿਚ ਵਿਆਪਕਤਾ ਦੀ ਕਲਾ ਐਸੀ ਵਿਕਸਤ ਹੋ ਗਈ ਹੈ ਕਿ ਇਕ ਹੀ ਸ਼ੇਅਰ ਪ੍ਰਤੀਕ ਰੂਪ ਵਿਚ ਅਧਿਆਤਮਿਕ, ਸਮਾਜਿਕ, ਰਾਜਨੀਤਕ, ਕੌਮਾਂਤਰੀ ਅਤੇ ਵਿਵਹਾਰਕ ਜੀਵਨ 'ਚ ਇਕੋ ਜਿਹਾ ਲਾਗੂ ਹੋ ਸਕਦਾ ਹੈ। ਗ਼ਜ਼ਲ ਹਰ ਤਰ੍ਹਾਂ ਦੇ ਜਜ਼ਬਾਤ ਨੂੰ ਪ੍ਰਗਟ ਕਰਨ ਦਾ ਉੱਚਤਮ ਤੇ ਉੱਤਮ ਵਸੀਲਾ ਹੈ। ਹੁਣ ਅਸੀਂ ਕਵੀ ਦੀਆਂ ਗ਼ਜ਼ਲਾਂ ਦੇ ਸ਼ੇਅਰਾਂ ਨੂੰ ਮਾਣਦੇ ਹੋਏ ਕੋਮਲ ਭਾਵਾਂ, ਵਿਚਾਰਾਂ ਤੇ ਉਨ੍ਹਾਂ ਦੇ ਹੁਨਰੀ ਕਮਾਲ ਨਾਲ ਆਪਣੇ ਖਿਆਲ ਤੇ ਭਾਵ ਸਾਂਝੇ ਕਰਦੇ ਹਾਂ।

ਕਵੀ ਆਪਣੇ ਪਿਆਰੇ ਦੀ 'ਮਿਹਰ' ਬਾਰੇ ਬੜੇ ਸਾਦੇ ਸ਼ਬਦਾਂ 'ਚ ਆਪਣੇ ਮਨ ਦੀ ਆਸ ਨੂੰ ਪੇਸ਼ ਕਰਦਾ ਏ :

"ਉਹ ਮਿਰਾ ਹਮਜ਼ਬਾਨ ਹੋ ਜਾਏ,
ਜ਼ੱਰਾ-ਜ਼ੱਰਾ, ਜਹਾਨ ਹੋ ਜਾਏ।"

ਇਕ ਦੂਸਰੇ ਸ਼ੇਅਰ 'ਚ ਜ਼ਿੰਦਗੀ ਦੀ ਸਚਾਈ ਨੂੰ ਪੇਸ਼ ਕਰਦਾ ਹੈ :

"ਅਮਲਾਂ ਸੰਗ ਆਦਮੀ ਵੀ ਰੱਬ ਬਣੇ,
ਅਮਲਾਂ ਕਾਰਨ, ਸ਼ੈਤਾਨ ਹੋ ਜਾਏ।"

ਪਿਆਰੇ ਦੇ ਵਿਛੜਨ ਤੇ ਕਵੀ ਨੂੰ ਕੀ ਪ੍ਰਤੀਤ ਹੁੰਦਾ ਹੈ ? ਉਹ ਬੜੇ ਦਰਦ ਤੇ ਖਲੂਸ ਨਾਲ ਬਿਆਨ ਕਰਦਾ ਹੈ :

"ਇਸ ਤਰ੍ਹਾਂ ਸਭ ਕੁਝ ਪਰਾਇਆ ਹੋ ਗਿਆ,
ਜ਼ਿੰਦਗੀ ਵੀ ਆਪਣੀ ਨਾ ਲਗਦੀ।"

ਕਵੀ ਦਾ ਖਿਆਲ ਹੈ ਤੇ ਇਹ ਇਕ ਹਕੀਕਤ ਵੀ ਹੈ ਕਿ ਹਰ ਕਾਰਜ ਲਈ ਇਨਸਾਨ ਦੇ ਪਾਸ ਆਪਣੀ ਸ਼ਕਤੀ ਹੋਣੀ ਚਾਹੀਦੀ ਹੈ :

"ਠੀਕ ਹੈ, ਬਿਨ ਤੇਲ ਵੀ ਮੁਮਕਿਨ ਨਹੀਂ,
ਜੋਤ ਭਾਵੇਂ ਜੋਤ ਤੋਂ ਹੈ ਜਗਦੀ।"

ਦੂਸਰੀ ਜੋਤ ਤਦ ਹੀ ਤਾਂ ਪਹਿਲੇ ਦੀਪਕ ਨੂੰ ਜਗਾ ਸਕਦੀ ਹੈ ਜੇ ਉਸ 'ਚ ਤੇਲ ਹੋਵੇ ! ਇਹ ਇਕ ਬਹੁ-ਅਰਥਕ ਸ਼ੇਅਰ ਬਣ ਜਾਂਦਾ ਹੈ ਤੇ ਇਸ ਤਰ੍ਹਾਂ ਦੇ ਸ਼ੇਅਰ ਕਦੀ ਮਿਸਾਲ ਬਣ ਜਾਂਦੇ ਹਨ।

ਕਵੀ ਇੱਕ ਸ਼ੇਅਰ 'ਚ ਦੇਸ ਦੇ ਰਾਖਿਆਂ ਦੇ ਨਿੱਜੀ ਲਾਲਚ, ਕੁੰਬਾ ਪਰਵਰੀ, ਉਪਰਲੇ ਤਬਕੇ ਦੀ ਮੁਨਾਫਾਖੋਰੀ, ਆਜਾਰਾਦਾਰੀ ਤੇ ਬੇਇਨਸਾਫੀਆਂ ਬਾਰੇ ਬੜੇ ਸੁੰਦਰ, ਪਰ ਸਾਦੇ ਢੰਗ ਨਾਲ ਇਕ ਅਸਲੀਅਤ ਬਿਆਨ ਕਰਦਾ ਹੈ :

"ਮਾਲੀ ਹੀ ਫੁੱਲਾਂ ਨੂੰ ਜੇ ਸਾੜਦੇ ਨਾ,
ਚਮਨ ਤੇ ਕਦੇ ਇਹ ਵੀਰਾਨੀ ਨਾ ਹੁੰਦੀ !"

ਇਸੇ ਤਰ੍ਹਾਂ ਸਾਫ ਸੁਥਰੇ ਢੰਗ ਨਾਲ ਕਵੀ ਨੇ, ਦੇਸ਼ ਨੂੰ ਆਜ਼ਾਦ ਕਰਵਾਉਣ ਵਾਲੇ ਸ਼ਹੀਦਾਂ ਅਤੇ ਕੁਰਬਾਨੀਆਂ ਕਰਨ ਵਾਲੇ ਤਿਆਗੀਆਂ ਬਾਰੇ ਵੀ ਖੂਬ ਕਿਹਾ ਹੈ :

"ਸਿਦਕਾਂ ਦੀ ਕਿੱਥੇ ਸੀ ਪਹਿਚਾਣ ਹੋਣੀ,
ਕਿਤੇ ਰਾਤ ਜੇਕਰ ਤੂਫ਼ਾਨੀ ਨਾ ਹੁੰਦੀ !"

ਇਹ ਸ਼ੇਅਰ ਸਿਦਕਾਂ ਦੀ ਪੁਤਲੀ 'ਸੋਹਣੀ' ਦੀ ਯਾਦ ਦਵਾਉਂਦਾ ਹੈ ਤੇ ਮੁਸ਼ਕਿਲ ਕੰਮਾਂ ਨੂੰ ਸਿਦਕ ਨਾਲ ਨਜਿੱਠਣ ਦੀ ਪ੍ਰੇਰਨਾ ਵੀ ਦੇਂਦਾ ਹੈ।

ਕਵੀ ਨੇ ਆਪਣੀ ਗ਼ਜ਼ਲ ਦੇ ਇਕ ਹੋਰ ਸ਼ੇਅਰ 'ਚ ਬੇ-ਕਦਰੀ ਬਾਰੇ ਬੜੇ ਸਰਲ, ਪਰ ਕਲਾਮਈ ਢੰਗ ਨਾਲ ਲਿਖਿਆ ਹੈ :

"ਮੇਰਾ ਹਰ ਇਕ ਸੁਪਨਾ, ਨੈਣਾਂ 'ਚੋਂ ਚੋ ਪਿਆ ਏ,
ਪਰ ਇਹ ਹੈ ਖਾਰਾ ਪਾਣੀ, ਯਾਰਾਂ ਦੇ ਵਾਸਤੇ।"

ਤਾਮੀਰੀ ਕੰਮਾਂ ਬਾਰੇ, ਨਿਰਮਾਣ ਬਾਰੇ, ਮਿਹਨਤ ਅਤੇ ਮਿਹਨਤੀ ਬਾਰੇ ਕਵੀ ਨੇ ਬਹੁਤ ਹੀ ਖੂਬ ਗੱਲ ਕਹੀ ਹੈ ਜੋ ਅੱਜ ਵੀ ਸੱਚ ਹੈ ਤੇ ਆਉਣ ਵਾਲੇ ਸਮੇਂ ਵਿਚ ਹੋਰ ਵੀ ਸੱਚ ਸਾਬਤ ਹੋਏਗੀ। ਇਹ ਇਕ ਸਚਾਈ ਵੀ ਹੈ ਤੇ ਹਕੀਕਤ ਵੀ :

"ਕੌਮਾਂ ਤਾਂ ਬਣਦੀਆਂ ਕੰਮਾਂ ਤੋਂ,
ਕੰਮਾਂ ਦੇ ਮਾਲਕ ਜੇ ਰਾਖੇ —
ਤਾਂ ਓਸ ਕੌਮ ਦੇ ਸੀਨੇ 'ਚੋਂ, ਸਮਝੋ
ਕਿ ਗ਼ਮਾਂ ਦਾ ਸੂਲ ਮੁੱਕਿਆ।"

ਕਵੀ ਦਾ ਇਕ ਹੋਰ ਤੇ ਬੜਾ ਸੁੰਦਰ ਸ਼ੇਅਰ ਹੈ ਜੋ ਸਾਨੂੰ ਸਾਪੇਕਸ਼ਵਾਦ— (ਸਰਵ ਸਾਂਝੀ ਜ਼ਿੰਦਗੀ) ਜਾਂ ਨਜ਼ਰੀਆ ਇਜ਼ਾਫ਼ਤ ਤੋਂ ਜਾਣੂੰ ਕਰਵਾਉਂਦਾ ਹੈ :

"ਦੁਨੀਆਂ ਅੰਦਰ ਹਰ ਕੋਈ ਹੀ,
ਇਕ ਦੂਜੇ ਖਾਤਰ ਜੀਊਂਦਾ ਹੈ,
ਫੁੱਲ ਮੁੱਕਿਆ ਤਾਂ ਫਲ ਬਣਿਆ,
ਰੁੱਖ ਬਣਿਆ ਜਦ ਫਲ ਮੁੱਕਿਆ।"

ਇਸੇ ਗ਼ਜ਼ਲ ਦੇ ਇਕ ਹੋਰ ਸ਼ੇਅਰ 'ਚ ਕਵੀ ਵਿਕਾਸ, ਜਦੋਜਹਿਦ, ਅਤੇ ਪੂਰਨਤਾ ਵਲ ਤੁਰੇ ਰਹਿਣ ਤੇ ਅੱਗੇ ਵਧਦੇ ਜਾਣ ਬਾਰੇ ਖੂਬ ਲਿਖਦਾ ਹੈ :

"ਪੈਂਡਾ ਤਾਂ ਇਸ਼ਕ ਦੀ ਮੰਜ਼ਲ ਦਾ,
ਜਨਮਾਂ ਤੋਂ ਵੀ ਸ਼ਾਇਦ ਲੰਮਾ ਹੈ,
ਹਰ ਹਾਲ ਦੇ ਵਿਚ ਹੀ ਤੁਰਦੇ ਰਹੇ,
ਨਾ ਮਰ ਮੁੱਕਿਆ ਨਾ ਚਲ੍ਹ ਮੁੱਕਿਆ !"

ਕਵੀ ਦੇ ਸਾਰ ਗਰਬਤ ਅਤੇ ਅਰਥ ਭਰਪੂਰ ਸ਼ੇਅਰ ਦੇ ਕਈ 'ਮਾਅਨੀ' ਹੋ ਸਕਦੇ ਹਨ। ਇਹੋ ਗ਼ਜ਼ਲ ਦੇ ਸ਼ੇਅਰਾਂ ਦੀ ਖੂਬੀ ਹੈ।

ਗੀਤਾਂ ਬਾਰੇ ਇਕ ਕਵੀ ਕਹਿੰਦਾ ਹੈ :

"ਸੁੱਖ-ਦੁੱਖ ਦੀ ਸੀਮਾ ਕੇ ਊਪਰ,
ਸੁਪਨੋਂ ਕਾ ਸੰਸਾਰ ਮਨੋਹਰ।"

ਬਾਕੀ ਪੰਨਾ 20 'ਤੇ

ਪੰਨਾ 17 ਦੀ ਬਾਕੀ

ਜ਼ਿੰਦਗੀ 'ਚ ਇਕੋ ਵੇਲੇ, ਗ਼ਮ ਦੇ ਸਾਏ ਤੇ ਖੁਸ਼ੀ ਦੀ ਧੁੱਪ ਹੁੰਦੀ ਹੈ। ਇਹ ਗ਼ਮ ਤੇ ਖੁਸ਼ੀ, ਸਾਡੀ ਵੱਖਰੀ ਤੇ ਨਿਵੇਕਲੀ, ਪਰ ਸੌੜੀ ਦੁਨੀਆਂ 'ਚ ਸਾਡੇ ਨਾ ਮਿਟਣ ਵਾਲੇ ਤੇ ਸਚਾਈ ਨਾਲ ਭਰਪੂਰ ਜਜ਼ਬੇ ਹੁੰਦੇ ਹਨ। ਜੇ ਸਾਨੂੰ ਯਕੀਨ ਹੋ ਜਾਏ ਕਿ ਇਨ੍ਹਾਂ ਦੋਵਾਂ ਹਾਲਤਾਂ ਨੂੰ, ਆਪਣੇ ਮਨ ਦੀ ਗਹਿਰਾਈ 'ਚ ਮਹਿਸੂਸ ਕੀਤਾ ਹੈ ਤਾਂ ਅਸੀਂ ਇਨ੍ਹਾਂ ਭਾਵਾਂ ਨੂੰ ਬੜੀ ਸਿਹਤ ਅਤੇ ਸਫਾਈ ਨਾਲ ਪੇਸ਼ ਕਰ ਸਕਦੇ ਹਾਂ। ਅੰਦਰ ਦੀਆਂ ਲਹਿਰਾਂ ਦੇ ਉਤਰਾ-ਚੜ੍ਹਾ ਨੂੰ ਦਿਲ ਦੇ ਪੂਰੇ ਖਲੂਸ ਨਾਲ ਅੰਕਿਤ ਕਰਨਾ ਹੀ ਕਲਾਕਾਰ ਦੀ ਕਾਮਯਾਬੀ ਹੈ। ਕਵੀ ਨੇ ਅਵਾਮੀ ਬੋਲੀ 'ਚ ਲੋਕ ਗੀਤਾਂ ਵਾਂਗ ਸੁੰਦਰ ਪ੍ਰਤੀਕਾਂ, ਚੰਗੇ ਬਿੰਬਾਂ, ਰੂਪਕ ਤੇ ਉਪਮਾਵਾਂ ਦੁਆਰਾ ਵਿਜੋਗ-ਸ਼ੰਗਾਰ, ਕਰੁਣਾ, ਰੀਤੀ-ਨੀਤੀ ਅਤੇ ਆਸ-ਨਿਰਾਸ਼ਾ ਭਰਪੂਰ ਗੀਤ ਲਿਖਣ ਦੀ ਚੰਗੀ ਕੋਸ਼ਿਸ਼ ਕੀਤੀ ਹੈ। ਸੱਜਨਾਂ ਦੀ ਉਡੀਕ ਵਿਚ ਬੈਠਾ ਪ੍ਰੇਮੀ ਕਹਿ ਰਿਹਾ ਹੈ :

"ਨਿੱਤ ਆਸਾਂ ਦੇ ਦੀਵੇ ਸੀਖੀ,
ਵਿਚ ਰਾਹਾਂ ਦੇ ਬਹੀਏ;
ਹਰ ਕੋਈ ਸਾਨੂੰ ਕਹੇ ਸੁਦਾਈ —
ਪਰ ਅਸੀਂ ਤਾਂ ਕਹੀਏ ?
ਇਕ ਤਾਂ ਸਾਹ ਅਸੀਂ ਠੰਢਾ ਭਰੀਏ,
ਇਕ ਤਾਂ ਭਰੀਏ ਕੋਸਾ,
ਸਜਨਾ ਤੇਰਾ ਕੀ ਹੈ ਭਰੋਸਾ ?"

ਮਨ ਦੀ ਆਸ਼ਾ ਤੇ ਨਿਰਾਸ਼ਾ ਨੂੰ ਕਵੀ ਨੇ ਬੜੀ ਕਾਮਯਾਬੀ ਨਾਲ ਪੇਸ਼ ਕੀਤਾ ਹੈ। ਰਾਹਾਂ 'ਚ ਬੈਠਣਾ, ਹਨੇਰੇ 'ਚ ਦੀਵੇ ਨੂੰ ਸੀਖਦੇ ਰਹਿਣਾ; ਕਾਲੀ ਰਾਤ ਦਾ ਆਪ ਮੁਹਾਰਾ ਦ੍ਰਿਸ਼ ਅੱਖਾਂ ਸਾਹਮਣੇ ਸਾਕਾਰ ਹੋ ਜਾਂਦਾ ਹੈ। ਕੋਈ ਹੁਣੇ ਆਇਆ ਕਿ ਆਇਆ ....। ਫਿਰ, ਸ਼ਾਇਦ ਉਹ ਨਾ ਹੀ ਆਏ; ਦੋ-ਚਿੱਤੀ ਦਾ ਦਰਦੀਲਾ ਤਸੱਵਰ ਸਾਡੇ ਸਨਮੁਖ ਉਜਾਗਰ ਹੋ ਜਾਂਦਾ ਹੈ। ਇਸ ਤਰ੍ਹਾਂ ਦੇ ਵਾਤਾਵਰਨ ਨੂੰ ਹਲਕੇ-ਹਲਕੇ ਬੁਰਸ਼ਾਂ ਨਾਲ ਅੰਕਿਤ ਕਰਨਾ ਕਵੀ ਦੀ ਕਲਾਕਾਰਤਾ ਨੂੰ ਸਿੱਧ ਕਰਦਾ ਹੈ। ਇਹ ਸਾਰਾ ਗੀਤ ਪਾਠਕ-ਮਨ ਨੂੰ ਦਰੱਵਤ ਕਰਦਾ ਤੇ ਆਨੰਦ ਦੇਂਦਾ ਹੈ। ਇਕ ਹੋਰ ਗੀਤ 'ਵਣਜ' ਦੀਆਂ ਕੁਝ ਤੁਕਾਂ ਇਸ ਪ੍ਰਕਾਰ ਹਨ :

"ਮਾਏ ਨੀ, ਕੋਈ ਗ਼ਮ ਦੇਵੇਂ,
ਅਸੀਂ ਹੱਸ ਹੱਸ ਪਾਈਏ ਪੱਲੇ।
ਖੇਡ ਇਹ ਅਜ਼ਲਾਂ ਤੋਂ ਚਲੀ ਆਈ,
ਤੇ ਅਜ਼ਲਾਂ ਤਾਈਂ ਚਲੇ !"

ਪਿਆਰ-ਪ੍ਰੀਤ ਅਤੇ ਸਮਰਪਣ-ਅਰਪਨ ਦੀ ਇਹ ਖੇਡ ਸ਼ੁਰੂ ਮਾਨਵਤਾ ਤੋਂ ਇਸੇ ਤਰ੍ਹਾਂ ਚਲੀ ਆਈ ਹੈ। ਨਾ ਖੇਡ ਪੁਰਾਣੀ ਹੋਈ ਹੈ ਨਾ ਖੇਡਣ ਵਾਲੇ ਅੱਕੇ ਹਨ

"ਪੌਣਾਂ ਵਿਚ ਮੁੜ ਘੁਲੀ ਸੁਗੰਧੀ,
ਪਲਮੀਆਂ ਇਸ਼ਕ ਦੀਆਂ ਲਗਰਾਂ,
ਤੋਰ ਨੀ ਅੜੀਏ, ਤੁਰ ਨੀ ਜਿੰਦੇ,
ਅੱਜ ਸੱਜਨ ਸੁਨੇਹੜੇ ਘੱਲੇ !
ਮਾਏ ਨੀ ਕੋਈ ਗ਼ਮ ਦੇਵੇ,
ਅਸੀਂ ਹੱਸ-ਹੱਸ ਪਾਈਏ ਪੱਲੇ !"

ਪਿਆਰਿਆਂ ਲਈ ਗ਼ਮ ਵੀ ਕਿੰਨਾ ਮਿੱਠਾ ਲਗਦਾ ਹੈ। ਸੱਜਨਾਂ ਨੂੰ ਮਿਲਣ ਦੀ ਕਿੰਨੀ ਪੁਰ ਖਲੂਸ ਤੇ ਦਰਦ ਭਰੀ ਤਾਂਘ ਸ਼ੇਅਰਾਂ 'ਚ ਬਿਆਨ ਕੀਤੀ ਗਈ ਹੈ ਲੋਕ ਗੀਤਾਂ ਵਾਲੀ ਖੂਬੀ ਇਸ 'ਚ ਪੂਰੀ ਤਰ੍ਹਾਂ ਬਿਰਾਜਮਾਨ ਹੈ।

ਪੰਜਾਬ ਦੇ ਅਲਬੇਲੇ ਬਹਾਦਰ, ਸਰ-ਫ਼ਰੋਸ਼ ਤੇ ਕੁਰਬਾਨੀਆਂ ਕਰਨ ਵਾਲਿਆਂ ਦੇ ਪਿਆਰ ਬਾਰੇ ਵੀ ਕਵੀ ਨੇ ਬਹੁਤ ਖੂਬ ਲਿਖਿਆ ਹੈ :

"ਜੋ ਵਣਜ ਇਸ਼ਕ ਦਾ ਕਰਦੇ ਨੇ,
ਉਹ ਵਣਜਾਰੇ ਹੋਰ ਹੀ ਨੇ।
ਜੱਗ ਜਿੱਤਣ ਲਈ ਦੁਨੀਆਂ ਮਰਦੀ ;
ਜੋ ਜਿੱਤ ਕੇ ਹਾਰੇ ਹੋਰ ਹੀ ਨੇ !

... ...
ਪੈਰ ਇਸ਼ਕ ਦੀ ਨੈਂ ਜੇ ਪਾਈ ਦਾ,
ਸਿਰ ਦੇ ਕੇ ਯਾਰ ਮਨਾਈ ਦਾ,
ਜੋ ਸੂਲੀ 'ਤੇ ਚੜ੍ਹ ਮਾਣ ਗਏ —
ਉਹ ਇਸ਼ਕ ਹੁਲਾਰੇ ਹੋਰ ਹੀ ਨੇ !
ਜਿਥੇ ਘਰ-ਘਰ ਰਾਂਝੇ ਜੰਮਦੇ ਨੇ,
ਉਹ ਤਖਤ ਹਜ਼ਾਰੇ ਹੋਰ ਹੀ ਨੇ,
ਜੋ ਵਣਜ ਇਸ਼ਕ ਦਾ ਕਰਦੇ ਨੇ
ਉਹ ਵਣਜਾਰੇ ਹੋਰ ਹੀ ਨੇ !"

ਕਵੀ 'ਹਰਕੇਵਲ' ਆਪਣੇ ਚਾਰ ਚੁਫੇਰੇ ਪੱਸਰੀ ਜ਼ਿੰਦਗੀ ਤੇ ਝਾਤ ਪਾਉਂਦਾ ਹੈ, ਤਾਂ ਹੀ ਉਹ ਆਪਣੀ ਕਲਾ ਦੁਆਰਾ ਜ਼ਿੰਦਗੀ ਦੀ ਬਾਤ ਪਾਉਂਦਾ ਹੈ

ਹੁਨਰੀ ਕਾਰਨਾਮਾ, ਜੀਵਨ ਦੀ ਸਾਮਿੱਗਰੀ ਤੋਂ ਸ਼ੁਰੂ ਹੁੰਦਾ ਹੈ, ਪਰ ਫੇਰ ਉਹ ਵਿਸ਼ਾਲ ਜੀਵਨ ਦੇ ਪਾਸੇ ਪਰਤ ਆਉਂਦਾ ਹੈ। 'ਕੇਵਲ' ਇਕ ਬਾਲਗ-ਦਰਿਸ਼ਟੀਕੋਣ ਵਾਲਾ ਕਵੀ ਹੈ ਉਹ ਹਯਾਤੀ ਨੂੰ ਜਾਣ ਤੇ ਮਾਣ ਕੇ ਗੀਤ ਉਚਾਰਦਾ ਹੈ।

ਚੰਗਾ ਤੇ ਜੀਵਨ ਭਰਪੂਰ ਸਾਹਿੱਤ, ਵਿਸ਼ਵ ਸਾਂਝ, ਮਿਲਾਪ ਤੇ ਹਮਦਰਦੀ ਦੇ ਜਜ਼ਬੇ ਬੇਦਾਰ ਕਰਦਾ ਹੈ ਤੇ ਹਰ ਤਰ੍ਹਾਂ ਦੀ ਨਫ਼ਰਤ ਨੂੰ ਮਿਟਾਉਣ ਦੀ ਕੋਸ਼ਿਸ਼ ਕਰਦਾ ਹੈ। ਇਸੇ ਨੂੰ ਇਨਸਾਨਾਂ ਤੇ ਕੌਮਾਂ 'ਚ ਸੱਚੀ ਦੋਸਤੀ ਪੈਦਾ ਕਰਨਾ ਕਿਹਾ ਜਾਂਦਾ ਹੈ। ਜ਼ਿੰਦਗੀ ਨੂੰ ਅੰਦਰੋਂ ਤੇ ਬਾਹਰੋਂ ਚੰਗੇ ਤੋਂ ਚੰਗਾ ਅਤੇ ਸੁੰਦਰ ਤਰ ਬਣਾਉਣਾ ਹੀ ਸਾਹਿੱਤਕਾਰ ਦਾ ਉੱਤਮ ਕੰਮ ਹੈ।

ਚੰਗੀ ਕਵਿਤਾ ਸਾਡੇ ਦਰਿਸ਼ਟੀਕੋਣ 'ਚ ਇਕ ਲਚਕ ਪੈਦਾ ਕਰਦੀ ਹੈ। ਰਵਾਦਾਰੀ, ਨਫ਼ਰਤ ਤੋਂ ਦੂਰੀ, ਹੁਸਨ, ਇਨਸਾਫ਼, ਪਿਆਰ ਤੇ ਭਵਿਖਤ ਵਿਚ ਯਕੀਨ ਪੈਦਾ ਕਰਕੇ ਇਕ ਤਾਜ਼ਗੀ ਦੇਂਦੀ ਹੈ ਤੇ ਕੌਮਾਂ ਨੂੰ ਅੱਗੇ ਲੈ ਜਾਣ ਵਿਚ ਸਹਾਇਕ ਹੁੰਦੀ ਹੈ।

'ਕੇਵਲ' ਦੀ ਕਾਵਿ 'ਚ ਕਲਾ, ਮਾਨਵਤਾ ਅਤੇ ਤਾਮੀਰ ਦੇ ਸਭ ਗੁਣ ਘਟ-ਵਧ ਮਾਤਰਾ 'ਚ ਮੌਜੂਦ ਹਨ। ਕਵੀ ਦੀ ਕਵਿਤਾ — 'ਆਦਮ ਦੀ ਸੰਤਾਨ' ਮਿਹਨਤ ਦੀ ਉਸਤਤ, ਅਤੇ ਨਫ਼ਰਤ ਦਾ ਖੰਡਨ ਕਰਦੀ ਹੈ। ਉਸ ਦੀ ਕਵਿਤਾ — 'ਪੱਛਮ ਦਾ ਸੂਰਜ' ਇਕ ਜ਼ੋਰਦਾਰ ਕਵਿਤਾ ਹੈ। ਉਹ ਯੂਰਪ ਤੇ ਖਾਸ ਕਰ ਬਰਤਾਨੀਆ ਦੀਆਂ ਢਹਿੰਦੀਆਂ ਕਲਾਂ ਤੇ ਜ਼ਵਾਲ ਪਜ਼ੀਰ ਰਾਜ ਅਤੇ ਸਭਿਅਤਾ ਵਲ ਇਸ਼ਾਰਾ ਹੈ। ਕਵੀ ਦੇ ਅਨੁਭਵ ਦੀ ਇਹੋ ਖੂਬੀ ਹੈ ਤੇ ਇਹ ਗੱਲ ਸੱਚ ਹੋ ਰਹੀ ਹੈ :

"ਅਫ਼ਰੰਗ ਮਸ਼ੀਨੋਂ ਕੇ ਧੂਏਂ ਸੇ ਹੈ ਸਿਆਹ ਪੋਸ਼।"
(ਇਕਬਾਲ)

ਕਵੀ ਆਪਣੀ ਇਕ ਹੋਰ ਕਵਿਤਾ — "ਰੱਤ ਦਾ ਮੁੱਲ" ਵਿਚ ਬੜੇ ਕਲਾਮਈ ਅੰਦਾਜ਼ ਨਾਲ ਦਸਦਾ ਹੈ ਕਿ ਮਿਹਨਤ ਕਿਵੇਂ ਮਿੱਟੀ ਨੂੰ ਸੋਨਾ ਬਣਾਉਂਦੀ ਹੈ। ਇਹ ਇਕ ਅਲਾਮਤੀ ਕਵਿਤਾ ਹੈ, ਕਲਮ 'ਚ ਪੁਰਾਣੇ ਨਿਜ਼ਾਮ ਦੇ ਵਿਰੁੱਧ ਇਕ ਤਲਖੀ ਹੈ ਤੇ ਇਕ ਸ਼ਿੱਦਤ ਹੈ। ਪਰ ਉਸ ਦਾ ਪਵਿੱਤਰ ਗੁੱਸਾ, ਨਵੇਂ ਜ਼ਮਾਨੇ ਦੇ ਉਸਾਰੀ ਲਈ ਹੈ।

ਕਵੀ ਦੀ ਵਿਸ਼ੇਸ਼ ਵਰਿਤੀ ਲੰਮੀਆਂ ਕਵਿਤਾਵਾਂ ਲਿਖਣ ਵਲ ਹੈ। "ਪੱਥਰ ਦਾ ਫੁੱਲ", 'ਨਿਰਵਾਣ', 'ਸੱਚ ਹਵਸ ਦੀ', 'ਇਕ ਗੱਲ' ਆਦਿ ਤੇ ਕੁਝ ਹੋਰ ਉਸ ਦੀਆਂ ਲੰਮੀਆਂ ਨਜ਼ਮਾਂ ਹਨ ਪਰ ਹਰ ਨਜ਼ਮ 'ਚ ਕੋਈ ਗੱਲ ਹੈ ਕਿਸੇ ਸਮੱਸਿਆ ਦਾ ਹੱਲ ਜਾਂ ਕੋਈ ਨਵਾਂ ਇਨਕਸ਼ਾਫ਼ ਹੈ। ਉਸ ਦੀ ਕਵਿਤਾ ਵਿਚਾਰ ਭਰਪੂਰ ਹੈ, ਪਰ ਕਲਾ ਪੱਖ ਦਾ ਵੀ ਉਹ ਧਿਆਨ ਰੱਖਦਾ ਹੈ।

'ਅੱਖੀਆਂ ਭਰ ਆਈਆਂ' ਮਾਰੂ ਜੰਗ ਦੇ ਖਿਲਾਫ ਇਕ ਦਰਦ ਭਰਿਆ ਗੀਤ ਹੈ ਜੋ ਇਕ ਵਿਜੋਗਨ ਮੁਟਿਆਰ ਦੀ ਜ਼ਬਾਨ ਤੋਂ ਗਵਾਇਆ ਗਿਆ ਹੈ। 'ਸੰਸਕਾਰ ਤੇ ਪਿਆਰ' ਕਵੀ ਦੀ ਖਾਸ ਵਰਨਣ ਜੋਗ ਕਵਿਤਾ ਹੈ। ਪਿਆਰ ਚਾਹੇ ਜ਼ਿੰਦਗੀ ਦਾ ਜ਼ਰੂਰੀ ਹਿੱਸਾ ਹੈ, ਪਰ ਪੁਰਾਣੇ ਸੰਸਕਾਰ ਵੀ ਬਹੁਤ ਮੁਸ਼ਕਲ ਵਿਅਕਤੀ ਦਾ ਪਿੱਛਾ ਛੱਡਦੇ ਹਨ। ਇਹ ਇਕ ਲਿਰਕ ਮਈ ਕਵਿਤਾ ਹੈ ਜੋ ਬੜੀ ਮਿੱਠੀ ਤੇ ਪਿਆਰੀ ਜ਼ਬਾਨ 'ਚ ਕਹੀ ਗਈ ਹੈ। ਇਸ ਤਰ੍ਹਾਂ ਦੀਆਂ ਕਵਿਤਾਵਾਂ ਪੜ੍ਹ ਕੇ ਪਾਠਕ-ਮਨ ਆਪ ਹੀ ਕਿਸੇ ਨਤੀਜੇ ਤੇ ਪਹੁੰਚਣਗੇ। ਕਵੀ ਨੂੰ ਸਟਾਇਰ ਦੀ ਵੀ ਖੂਬ ਜਾਚ ਹੈ, ਉਸ ਨੇ ਸਮਾਜ, ਹਕੂਮਤ ਅਤੇ ਵਿਅਕਤੀ ਤੇ ਮੁਨਾਸਿਬ ਤੇ ਕਲਾ-ਮਈ ਢੰਗ ਨਾਲ ਵਿਅੰਗ ਕੀਤੇ ਹਨ।

ਅਹਿਸਾਸ ਤੇ ਚਿੰਤਨ ਦੇ ਮੇਲ ਤੋਂ ਕਵਿਤਾ ਉਤਪੰਨ ਹੁੰਦੀ ਹੈ। ਇੰਦਰਿਆਈ ਗਿਆਨ ਨੂੰ ਅਹਿਸਾਸ ਜਾਂ ਤਜਰਬਾ ਕਿਹਾ ਜਾਂਦਾ ਹੈ ਤੇ ਬੋਧਕ ਅਨੁਭਵ ਨੂੰ ਚਿੰਤਨ। ਕਵਿਤਾ ਦਾ ਟਿਕਾਣਾ, ਚਿੰਤਨ ਕਰਨ ਵਾਲਾ ਕਵੀ ਦਾ ਚਿੱਤ ਹੈ ਤੇ ਇਸ ਨੂੰ ਸ਼ਬਦਾਂ 'ਚ ਵਿਧੀ ਪੂਰਬਕ ਪ੍ਰਗਟ ਕਰਨ ਦੀ ਕਲਾ — ਕਾਵਿ ਰਚਣ ਦੀ ਕਲਾ ਹੈ। 'ਕੇਵਲ' ਦੀ ਕਵਿਤਾ ਵਿਚ ਦੋਵੇਂ ਗੁਣ ਬਿਰਾਜਮਾਨ ਹਨ

ਕਵਿਤਾ ਵਿਚ ਸਫਲ ਆਤਮ ਪ੍ਰਗਟਾਅ ਜ਼ਰੂਰੀ ਹੈ, ਪਰ ਉਸ ਤੋਂ ਵੀ ਜ਼ਰੂਰੀ ਹੈ ਸਫਲ ਆਤਮ ਪ੍ਰਗਟਾਅ ਦੀ ਸੇਧ। ਆਤਮ ਪ੍ਰਗਟਾਅ ਦੇ ਨਾਲ ਕਵੀ ਕੋਲ ਸਵੱਸਥ ਸੇਧ ਵੀ ਹੈ ਇਹੋ ਖੁਸ਼ੀ ਦੀ ਗੱਲ ਹੈ। ਕਵੀ ਦੀ ਭਾਸ਼ਾ, ਬੜੀ ਸਾਫ ਸੁਥਰੀ, ਕੇਂਦਰੀ ਪੰਜਾਬੀ ਸਰਲ, ਪਰ ਸਰਸ ਵੀ ਹੈ।

ਕਵੀ ਦਾ ਭਾਵ-ਪੱਖ ਬਲਵਾਨ ਹੈ, ਪਰ ਕਲਾ ਪੱਖ ਉਸ ਮਿਆਰ ਦਾ ਨਹੀਂ ਜਿਹਾ ਕਿ ਹੋਣਾ ਚਾਹੀਦਾ ਹੈ, ਕਵੀ ਨੂੰ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਅਗਲੀਆਂ ਕਵਿਤਾਵਾਂ 'ਚ ਆਸ ਹੈ ਉਹ ਇਸ ਕਮੀ ਨੂੰ ਪੂਰਾ ਕਰ ਲਏਗਾ। ਚਾਹੇ —

"ਪੈਂਡਾ ਤਾਂ ਇਸ਼ਕ ਦੀ ਮੰਜ਼ਲ ਦਾ,
ਜਨਮਾਂ ਤੋਂ ਵੀ ਸ਼ਾਇਦ ਲੰਮਾ ਹੈ।"

ਸਮੁੱਚੇ ਤੌਰ ਤੇ ਉਹ ਇਕ, ਕੌਮਾਂਤਰੀ ਵਿਚਾਰਾਂ ਵਾਲਾ, ਦਵੰਦਵਾਦੀ ਕਵੀ ਹੈ। ਉਸ ਨੂੰ ਮਨੁੱਖ ਮਾਤਰ ਨਾਲ, ਅਮਨ ਨਾਲ, ਸਚਾਈ, ਇਨਸਾਫ, ਇਨਸਾਨੀਅਤ ਅਤੇ ਕਲਾ ਨਾਲ ਪਿਆਰ ਹੈ। ਉਪਰੋਕਤ ਮੰਜ਼ਲਾਂ ਹਾਸਲ ਕਰਨ ਲਈ ਹੀ ਉਸ ਦੀ ਤੜਪ ਹੈ ਜੋ ਕਿ ਕਵਿਤਾ ਹੈ। ਉਸ ਨੇ ਉਪਰਲੀਆਂ ਕਦਰਾਂ ਨੂੰ ਨਾਲ ਲੈ ਕੇ ਹੀ ਜ਼ਿੰਦਗੀ ਤੇ ਇਨਸਾਨ ਦੇ ਗੀਤ ਗਾਏ ਹਨ।

ਕਿਵੇਂ ਮਹਿਬੂਬ ਦੇ ਜਾਈਏ, ਕਿਵੇਂ ਮਹਿਬੂਬ ਨੂੰ ਸੱਦੀਏ
ਕਿਰਾਏ ਤੂੰ ਵਧਾ ਦਿੱਤੇ, ਬੱਸਾਂ ਦੇ, ਰੇਲਾਂ ਗੱਡੀਆਂ ਦੇ

'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..
Address.......................................
City..
Province......................................
Postal code...................................
PHONE.

One Year	25 dollars
Two Year	45 dollars
Three year	65 dollars
Life membership	300 dollars
ASIA	100 dollars[a year]
U.S.A.	30 dollars [a year]
Europe	100 dollars[a year]
Africa	100 dollars [a year]

ਫ਼ਿਲਮ-ਲੋਰ

ਅੰਮ੍ਰਿਤਾ ਸਿੰਘ ਨੂੰ "ਨੰਬਰ ਇਕ" ਬਣਨ ਦੀ ਛਟਪਟਾਹਟ

ਸ਼ਮਸ਼ੇਰ ਸਿੰਘ ਸੰਧੂ

ਅਭਿਨੇਤਰੀ ਅੰਮ੍ਰਿਤਾ ਸਿੰਘ "ਮਰਦ" ਦੀ ਕਾਮਯਾਬੀ ਉਪਰੰਤ ਖੁਦ ਨੂੰ "ਏ" ਕਲਾਸ ਦੀਆਂ ਅਭਿਨੇਤਰੀਆਂ ਵਿਚ ਗਿਣਦੀ ਹੈ। ਅਗੋਂ ਉਸ ਦਾ ਇਕੋ ਇਕ ਸੁਪਨਾ ਹੈ ਕਿ "ਨੰਬਰ ਵਨ" ਅਭਿਨੇਤਰੀ ਬਣ ਜਾਵਾਂ। ਪਰ ਹੁਣ ਤੱਕ ਦੀ ਅੰਮ੍ਰਿਤਾ ਸਿੰਘ ਦੀ ਕਾਰਗੁਜ਼ਾਰੀ ਉਪਰ ਜੇਕਰ ਘੋਖਵੀਂ ਨਜ਼ਰ ਮਾਰੀਏ ਤਾਂ ਕਹਿ ਸਕਦੇ ਹਾਂ ਕਿ ਉਸ ਦਾ "ਨੰਬਰ ਵਨ' ਅਭਿਨੇਤਰੀ ਬਣਨ ਦਾ ਸੁਪਨਾ ਕੇਵਲ ਸੁਪਨਾ ਹੀ ਰਹਿ ਜਾਵੇਗਾ, ਹਕੀਕਤ ਨਹੀਂ ਬਣ ਸਕੇਗਾ।

"ਬੇਤਾਬ" ਤੋਂ "ਮਰਦ" ਤਕ ਅੰਮ੍ਰਿਤਾ ਸਿੰਘ ਦੀਆਂ ਜੋ ਗਿਣਤੀ ਦੀਆਂ ਫਿਲਮਾਂ ਆਈਆਂ ਹਨ, ਉਨ੍ਹਾ 'ਚੋਂ ਕਿਸੇ ਇਕ ਵਿਚ ਵੀ ਉਹਦੇ ਸੂਖਮ ਅਭਿਨੈ ਦਾ ਝਉਲਾ ਨਹੀਂ ਪਿਆ। ਉਹ ਅਕਸਰ ਟਪੂੰ-ਟਪੂੰ ਕਰਦੀ ਹੋਈ ਤੇ ਚੰਚਲ ਜਿਹੀ ਨਜ਼ਰ ਪੈਂਦੀ ਹੈ। ਇਸ ਦੀ ਇਕ ਵਜ੍ਹਾ ਇਹ ਵੀ ਹੋ ਸਕਦੀ ਹੈ ਕਿ ਪਹਿਲੀ ਫਿਲਮ 'ਬੇਤਾਬ' ਨੇ ਉਸ ਦੀ ਇਮੇਜ ਹੀ ਇਸ ਕਿਸਮ ਦੀ ਬਣਾ ਦਿਤੀ ਕਿ ਅੰਮ੍ਰਿਤਾ ਸਿੰਘ ਨਟਖਟ ਲੜਕੀ ਦੇ ਰੋਲ ਲਈ ਫਿੱਟ ਹੈ।

ਉਂਝ ਕਿਹਾ ਜਾਂਦਾ ਹੈ ਕਿ ਅੰਮ੍ਰਿਤਾ ਸਿੰਘ ਆਮ ਜ਼ਿੰਦਗੀ 'ਚ ਵੀ ਸ਼ੋਅ, ਚੰਚਲ ਤੇ ਜ਼ਿੱਦੀ ਲੜਕੀ ਹੈ। ਉਹਨੂੰ ਇਸ ਗੱਲ ਦਾ ਮਿਜ਼ਾਜ਼ ਹੈ ਕਿ ਫਿਲਮਾਂ ਵਿਚ ਆਉਣ ਤੋਂ ਪਹਿਲਾਂ ਹੀ ਐਸ਼ੋ ਇਸ਼ਰਤ ਤੇ ਆਰਾਮਪ੍ਰਸਤੀ ਦੀਆਂ ਸਭ ਸਹੂਲਤਾਂ ਪ੍ਰਦਾਨ ਸਨ। ਉਹ ਵਾਰ ਵਾਰ ਕਹਿੰਦੀ ਹੈ ਕਿ ਫਿਲਮ ਲਾਈਨ ਵਿਚ ਪੈਸਾ ਕਮਾਉਣ ਨਹੀਂ ਆਈ, ਸ਼ੌਕ ਦੀ ਖਾਤਰ ਆਈ ਹਾਂ।

ਅੰਮ੍ਰਿਤਾ ਸਿੰਘ ਦੀ ਮਾਂ ਰੁਖਸਾਨਾ ਸੁਲਤਾਨ ਬਹੁ-ਚਰਚਿਤ ਔਰਤ ਹੈ ਤੇ ਦਿੱਲੀ ਦਰਬਾਰ 'ਚ ਸਿਆਸੀ, ਹਲਕਿਆਂ ਵਿਚ ਕਿਸੇ ਸਮੇਂ ਉਹਦੀ ਬੜੀ ਪੁੱਛ-ਪ੍ਰਤੀਤ ਰਹੀ ਹੈ। ਅੰਮ੍ਰਿਤਾ ਦੀ ਮਾਂ ਕਿਸੇ ਸਮੇਂ ਨਵਾਬ ਦੀ ਰਖੇਲ ਰਹੀ, ਇਹ ਬਹੁਤਿਆਂ ਨੂੰ ਪਤਾ ਹੈ ਤੇ ਇਹ ਵੀ ਪਤਾ ਹੋਵੇਗਾ ਕਿ ਅੰਮ੍ਰਿਤਾ ਦੀ ਮਾਂ ਅਤੇ ਪਿਓ ਵੱਖ ਵੱਖ ਰਹਿੰਦੇ ਹਨ। ਪਿਓ ਬਾਰੇ ਕਿਸੇ ਵੀ ਕਿਸਮ ਦਾ ਸਵਾਲ ਪੁੱਛੇ ਜਾਣ ਤੋਂ ਉਹ ਨੱਕ ਵਟਦੀ ਹੈ।



ਫਿਲਮ ਅਭਿਨੇਤਰੀ ਅੰਮ੍ਰਿਤਾ ਸਿੰਘ ਜੋ ਰੁਖਸਾਨਾ ਸੁਲਤਾਨ ਦੀ ਧੀ ਹੈ।

"ਕਾਲਾ ਧੰਦਾ ਗੋਰੇ ਲੋਗ", "ਵਾਰਿਸ", "ਸ਼ੁਕਰੀਆ", "ਠਿਕਾਣਾ" ਤੇ ਕਈ ਹੋਰ ਫਿਲਮਾਂ ਆ ਰਹੀਆਂ ਹਨ ਜਿਨ੍ਹਾਂ ਵਿਚ ਅੰਮ੍ਰਿਤਾ ਸਿੰਘ ਨੇ ਪਹਿਲੇ ਰੋਲਾਂ ਨਾਲੋਂ ਹਟਵੀਂ ਭੂਮਿਕਾ ਨਿਭਾਈ ਹੈ। ਅੰਮ੍ਰਿਤਾ ਸਿੰਘ ਦੀ ਆਰਟ ਫਿਲਮਾਂ 'ਚ ਕੰਮ ਕਰਨ ਦੀ ਉਕਾ ਹੀ ਇੱਛਾ ਨਹੀਂ। ਅਜੇ ਤਾਂ ਉਹ ਸਿਰਫ "ਸਟਾਰ" ਬਣਨ ਦੀ ਹੀ ਇੱਛੁਕ ਹੈ। ਆਪਣੇ ਪੋਚ ਦੀਆਂ ਹੋਰ ਅਭਿਨੇਤਰੀਆਂ ਨਾਲ ਅੰਮ੍ਰਿਤਾ ਸਿੰਘ ਦੀ ਨਹੀਂ ਬਣਦੀ। ਰਤੀ ਅਗਨੀਹੋਤਰੀ, ਸਿਰੀ ਦੇਵੀ, ਮੀਨਾਕਸ਼ੀ ਸ਼ੇਸ਼ਾਧਰੀ ਤੇ ਪੂਨਮ ਢਿੱਲੋਂ, ਇਨ੍ਹਾਂ ਸਭ ਦੇ ਖਿਲਾਫ ਅੰਮ੍ਰਿਤਾ ਸਿੰਘ ਅਕਸਰ ਟੀਕਾ-ਟਿਪਣੀ ਕਰਦੀ ਰਹਿੰਦੀ ਹੈ। "ਅਰਜੁਨ" ਵੇਲੇ ਡਿੰਪਲ

ਬਾਕੀ ਪੰਨਾ 22 'ਤੇ

PUNJAB CRISIS - Balance On The Scales

(ਇਹ ਪੁਸਤਕ ਅੰਗਰੇਜ਼ੀ ਵਿਚ ਸੈਂਟਰ ਫਾਰ ਰੀਸਰਚ ਇਨ ਰੂਰਲ ਐਂਡ ਡੀਵੈਲਮੈਂਟ, ਚੰਡੀਗੜ੍ਹ ਵਲੋਂ ਛਾਪੀ ਗਈ ਹੈ। ਇਸ ਵਿਚ ਪੰਜਾਬ ਵਿਚ ਹਿੰਦੂ ਅਤੇ ਸਿੱਖ ਫਿਰਕਾਪ੍ਰਸਤੀ ਦੇ ਕਾਰਨਾਂ ਦਾ ਗੰਭੀਰ ਵਿਸ਼ਲੇਸ਼ਣ ਹੈ। ਅਸੀਂ ਗੰਭੀਰ ਪਾਠਕਾਂ ਲਈ ਇਸਦੇ ਕੁਝ ਅੰਸ਼ ਛਾਪਣ ਦੀ ਖੁਸ਼ੀ ਲੈ ਰਹੇ ਹਾਂ ਤਾਂਕਿ ਉਹ ਪੰਜਾਬ ਮਸਲੇ ਨੂੰ ਗੰਭੀਰਤਾ ਨਾਲ ਸਮਝ ਸਕਣ — ਸੰਪਾਦਕ)

Peasant Movements

During this period, a critical analysis of the agitations and movements launched indicates that the demands were economic in nature and were shorn of religious and communal overtones. This many be a result of the nature of the support base drawn mainly from landless labourers, small and marginal farmers and the influence of the leadership, which came primarily from the communist parties, and because the aura of the freedom movement had not waned.

In the 1950s in PEPSU the tenant movement, the anti-water rate agitation and the anti-betterment levy agitation were launched by the Panjab Kisan Sabha (a wing of the CPI). The tenant movement in PEPSU was mainly launched against the "Biswedars" who were high revenue officials appointed by erstwhile rulers. It was the largest and one of the most militant movements in Panjab. The tenants were transformed into peasant proprietors by the 'Vesting Tenants' Act, 1954. The Abolition of Ala-Malkiat Act (Superior Ownership) during the same period converted the inferior owners into superior ones on payment of five times compensation. In the 1960s and 1970s the "Abadkar" (settlers) movement and the "land to the tiller" movement were launched by the CPs. Drawing a lesson from the PEPSU tenant movement, the CPM directed each "Abadkar" family not to occupy more than 5 acres of land.

The aggregation of groups on categories other than communal, that is, primarily around class, peasantry, and language, was encourged by the C.P.I. The communal politics of the Akali Dal was thwarted. This trend also obstructed the mobilization along caste lines attempted by the rural rich in order to cash in on the politics of numbers.

Interestingly the Ministers from the agricultural sector were merely 29.04 per cent between 1946 and 1966, but their number rose to 51.4 per sent from 1967 to 1980. It is evident that while the landless labourers and small and middle peasants were mobilised in electoral politics they counted for little in political decision making. In comparison, 57.6 per cent of the Ministers from 1947 to 1966 came from the legal profession and business and trading occupations. Between 1967-80 the Ministers from the aforementioned category dropped to 34 per cent.

In contrast to the political activity mentioned above another trend represented by the incremental-communalists tried to communalize the issue of reorganization of the State on a linguistic basis. Though the Akali leaders emphasised language as the basis for a division of the State at the popular plane they tended to mix religion with language. To counter the demand for a Punjabi Suba raised by the Akali Dal led by Master Tara Singh, an agitation for Hindi was launched by the Arya Samaj, Jana Sangh, etc. They advocated a "Maha Panhab" irrespective of language. Communal overtones in this were explicitly visible, though there was not much tension between these two communal groups.

Deceit of Language

The impression that the non-identification of Punjabi Hindus with the Punjabi language is the root cause of the problem of communalism is too superficial an explanation for such a complex phenomenon. It is also alleged that since Punjabi Hindus did not accept Punjabi as their own language, they are not emotionally involved with it. But this is not the case. Many movements and agitations were launched in Punjab in favour of the Hindi language but these could not emotionally detach Himdus from their Punjabi language and culture. In these movements most of the Congressmen like Sh. Virender, Lala Jagat Narain, Sh. Badri Dass and others were in the forefront. The movements remained anti-Punjabi Suba in character. (These observations are based on a survey conducted in the year 1970.)

Even a pamphlet published by the Shiromnai Akali Dal on May 19, 1960, held the view that only a small minority of urbanite Hindus were opposed to the formulation of a Punjabi-speaking State. To quote

Recent agitation over the Punjabi-Hindi controversy has highlighted the fact that it is the Hindu urbanites living in the cities of Amritsar, Jullundur, Ludhiana and Ambala who alone oppose the formation of the Punjabi-speaking state. These urbanite Hindus do not form the majority of the Hindu population and can in no way form a substantial minority in the Punjabi-speaking zine.

The language question was thus primarily a political question, though with communal overtones. To identify politically with a particular issue is quite different from being emotionally involved with it. An estimated 53.61 per cent of the Punjabi Hindus mentioned their mother tongue to be Hindi in the 1971 census, but Punjabi was nevertheless in their blood. The 1981 census, in which an overwhelming majority of the Hindus stated Punjabi to be their mother tongue, has made this point crystal clear. From this it can be inferred that if may not be quite correct to argue in terms of emotional attachment or detachment with regard to a particular language merely because of identification by the two groups with the one or the other language under communal political influence.

The Hindi agitation was launched whenever there was a move to reorganize States on the basis of language. Most of the leaders of the Hindi agitation were of the view that there was an attempt to establish a Sikh communal or theocratic State. The pro-Hindi movement was thus only a political response to the danger of a "Sikh State", i.e. a Sikh communal State, being created in the name of a Punjabi State. That it was altogether illogical is a different matter. The slogan was removed from reality, though its obverse was the projection of a Punjab State or "Sikh State" by some of the Sikh communalists. The articulation of communal interests, as reflected in the slogans used for this purpose, should not, however, be seen as the cause of communal disharmony. It is, in fact, a symptom of a deeper malaise.

By raising the demand for a Punjabi Suba Master Tara Singh not only contained conformist-communalists but also the demand for a separate State. The peasantry was mobilized with greater emphasis on Panthic unity, while the urban Sikh intelligentsia and the traders were mobilized by using communal ideology. The indoctrination of its followers that the Sikhs are a single political entity and that their interests as a religious group were homogenous provided a continuity to the pre-partition politics of the Akali Dal. The strength of the Akali Dal alarmed the Congress leadership.

Political Groupings –

The Akali merged with the Congress for the first

Contd. at page 19)

ਪੰਨਾ 21 ਦੀ ਬਾਕੀ

ਕਪਾੜੀਆ ਤੇ ਅੰਮ੍ਰਿਤਾ ਸਿੰਘ ਦੀ ਦੌੜ ਲੱਗੀ ਹੋਈ ਸੀ। ਅਖੀਰ ਡਿੰਪਲ ਨੂੰ ਸਾਈਟ ਕਰ ਲਿਆ ਗਿਆ ਤਾਂ ਅੰਮ੍ਰਿਤਾ ਸਿੰਘ ਆਖਣ ਲੱਗੀ, "ਮੈਨੂੰ ਅਰਜੁਨ ਦੇ ਡਾਇਰੈਕਟਰ ਦੀਆਂ ਆਦਤਾਂ ਪਸੰਦ ਨਹੀਂ, ਇਸ ਲਈ ਮੈਂ ਖੁਦ ਹੀ ਫਿਲਮ ਛੱਡ ਦਿਤੀ।" ਫਿਰ ਜਦ "ਮਰਦ" ਵਾਸਤੇ ਉਹਦੀ ਮੁੜ ਡਿੰਪਲ ਨਾਲ ਦੌੜ ਲਗ ਗਈ ਤੇ ਉਹ ਜਿੱਤ ਗਈ ਤਾਂ ਅੰਮ੍ਰਿਤਾ ਸਿੰਘ ਕਿਹਾ ਕਰੇ, "ਵਿਚਾਰੀ ਡਿੰਪਲ ਨੂੰ ਅਜਿਹੀ ਕੋਸ਼ਿਸ਼ ਨਹੀਂ ਸੀ ਕਰਨੀ ਚਾਹੀਦੀ, "ਮਰਦ" ਦੀ ਭੂਮਿਕਾ ਤਾਂ ਬਣੀ ਹੀ ਮੇਰੀ ਖਾਤਰ ਸੀ।" "ਬੇਤਾਬ" ਦੇ ਦਿਨਾਂ ਵਿਚ ਅੰਮ੍ਰਿਤਾ ਸਿੰਘ ਸੰਨੀ ਦਿਓਲ ਉਪਰ ਫ਼ਿਦਾ ਹੋ ਗਈ ਸੀ ਤੇ ਪਿਆਰ 'ਚ ਬਹੁਤ ਅੱਗੇ ਵਧਣਾ ਲੋਚਦੀ ਸੀ ਪਰ ਸੰਨੀ ਦੇ ਸੰਗਾਊ ਸੁਭਾਅ ਤੇ ਪਿਓ ਧਰਮਿੰਦਰ ਦੇ ਡਰੋਂ ਉਹ ਸਦਾ ਕੰਨੀ ਕਤਰਾਉਂਦਾ ਰਿਹਾ। ਹੁਣ ਜਦੋਂ ਕਦੀ ਅੰਮ੍ਰਿਤਾ ਸਿੰਘ ਨੂੰ ਸੰਨੀ ਨਾਲ ਉਸ ਦੇ ਇਕ-ਪਾਸੜ ਰੁਮਾਂਸ ਦੀ ਕੋਈ ਯਾਦ ਦਿਲਾਉਂਦਾ ਹੈ ਤਾਂ ਉਹ ਮੂੰਹ ਬਣਾ ਕੇ ਆਖਦੀ ਹੈ, "ਉਹ ਮੇਰੀ ਬਚਪਨ ਦੀ ਭੁੱਲ ਸੀ। ਮੈਨੂੰ ਜਿਉਂ ਹੀ ਪਤਾ ਲਗਾ ਕਿ ਸੰਨੀ ਪਹਿਲਾਂ ਹੀ ਆਪਣੀ ਜੀਵਨ ਸਾਥਣ ਚੁਣ ਚੁੱਕਾ ਹੈ, ਮੈਂ ਇਕ ਦਮ ਪਿੱਛੇ ਹਟ ਗਈ, ਮੈਂ ਟੀਨਾ ਮੁਨੀਮ, ਹੇਮਾ ਮਾਲਿਨੀ ਤੇ ਸਮਿਤਾ ਪਾਟਿਲ ਵਰਗੀ ਜ਼ਿੰਦਗੀ ਜੀਣਾ ਹਰਗਿਜ਼ ਪਸੰਦ ਨਹੀਂ ਕਰਾਂਗੀ ...।"

ਮਯੂਰ ਦੀ ਦੌੜ ਜਾਰੀ



ਮਯੂਰ ਤੇ ਰੋਮਾ ਮਾਨਿਕ ਦੀ ਜੋੜੀ

ਵੱਡੇ ਸਿਤਾਰਿਆਂ ਵਾਲੀ ਫਿਲਮ "ਧਰਮ ਅਧਿਕਾਰੀ" ਵਿਚ ਇਕ ਛੋਟਾ ਸਿਤਾਰਾ ਮਯੂਰ ਵੀ ਹੈ ਜੋ ਚਿਰਾਂ ਤੋਂ ਇਸ ਫਿਲਮ ਦੇ ਰਿਲੀਜ਼ ਹੋਣ ਦੀ ਉਡੀਕ ਵਿਚ ਤਰਲੋਮੱਛੀ ਹੋ ਰਿਹਾ ਸੀ। ਉਹਦੀ ਅੱਚਵੀ ਕਿਸੇ ਹੱਦ ਤੱਕ ਉਚਿਤ ਸੀ ਕਿਉਂ ਜੋ ਉਹਦੇ ਰੋਲ ਨੇ ਧਿਆਨ ਖਿੱਚਿਆ ਹੈ। ਮਯੂਰ, ਬਹੁਤ ਸਾਲ ਪਹਿਲਾਂ ਜਦੋਂ ਅਜੇ ਬੱਚਾ ਸੀ, ਬਹੁ-ਚਰਚਿਤ ਫਿਲਮ "ਮੁਕੱਦਰ ਦਾ ਸਿਕੰਦਰ" ਵਿਚ ਪਹਿਲੀ ਵਾਰ ਪਰਦੇ 'ਤੇ ਆਇਆ ਸੀ। ਪ੍ਰਕਾਸ਼ ਮਹਿਰਾ ਨੇ ਫਿਲਮ 'ਚ ਮਯੂਰ ਨੂੰ ਨੌਕਰ ਦਾ ਲੜਕਾ ਬਣਾਇਆ ਸੀ ਤੇ ਇਸ ਗਰੀਬ ਲੜਕੇ ਦਾ ਅਮੀਰ ਦੀ ਲੜਕੀ ਨਾਲ ਸੁੱਚਾ ਪ੍ਰੇਮ ਹੁੰਦਾ ਦਿਖਾਇਆ ਸੀ। ਉਦੋਂ ਬਾਲ — ਕਲਾਕਾਰ ਮਯੂਰ ਨੇ ਬੜੀਆਂ ਆਸਾਂ ਬੰਨ੍ਹਵਾਈਆਂ ਸਨ ਤੇ ਉਹਦੇ ਉਜਲ ਭਵਿਖ ਬਾਰੇ ਦਾਅਵੇ ਹੋਇਆ ਕਰਦੇ ਸਨ। ਪਰ ਜੂਨੀਅਰ ਮਹਿਮੂਦ ਵਾਂਗ ਜਿਉਂ ਜਿਉਂ ਮਯੂਰ ਉਮਰ ਦੀ ਪੌੜੀ ਚੜ੍ਹਦਾ ਗਿਆ ਸ਼ੋਹਰਤ ਉਹਦੇ ਨਾਲ ਮੋਢਾ ਮੇਚ ਕੇ ਨਾ ਤੁਰ ਸਕੀ। ਹਾਲਾਂ ਕਿ ਉਹਨੂੰ ਹੀਰੋ ਵਜੋਂ ਲੈ ਕੇ ਤਿੰਨ ਚਾਰ ਫਿਲਮਾਂ ਬਣੀਆਂ ਪਰ ਸਾਰੀਆਂ ਅਣਗੌਲੀਆਂ ਰਹਿ ਗਈਆਂ।

ਮਯੂਰ ਦੇ ਚਿਹਰੇ ਉਪਰ ਬੜੇ ਚਿਰ ਪਿਛੋਂ ਫਿਲਮ "ਧਰਮ ਅਧਿਕਾਰੀ" ਨੇ ਚਮਕ ਲਿਆ ਦਿਤੀ ਹੈ। ਨੇੜ ਭਵਿਖ ਵਿਚ ਉਹਦੀਆਂ ਅੱਧੀ ਦਰਜਨ ਫਿਲਮਾਂ ਰਿਲੀਜ਼ ਹੋਣ ਵਾਲੀਆਂ ਹਨ। "ਅਨਾੜੀ ਖਿਲਾੜੀ" 'ਤੇ ਉਹਨੂੰ ਕਾਫੀ ਉਮੀਦ ਹੈ। ਦੇਖਾਂਗੇ ਕਿ ਮਯੂਰ ਦਾ ਸਮਾਂ ਸਾਥ ਦਿੰਦਾ ਹੈ ਜਾਂ ਨਹੀਂ ....।

ਸੋਭਰਾਜ ਫਾਰਮੂਲਾ

ਕੌਮਾਂਤਰੀ ਪੱਧਰ ਤੇ ਜਾਣੇ ਜਾਂਦੇ ਆਧੁਨਿਕ ਤੇ ਬਰੀਕ ਬਦਮਾਸ਼ ਚਾਰਲਸ ਗੁਰਮੁਖ ਸੋਭਰਾਜ ਨੇ ਸਰਕਾਰਾਂ ਦਾ, ਪੁਲੀਸ ਦਾ ਤੇ ਆਮ ਲੋਕਾਂ ਦਾ ਅੱਜ ਤੱਕ ਬਥੇਰਾ ਧਿਆਨ ਖਿਚਿਆ ਹੈ ਪਰ ਹੁਣ ਫਿਲਮਾਂ ਵਾਲੇ ਵੀ ਉਹਦੇ ਕਾਰਨਾਮਿਆਂ ਤੋਂ ਅਕਰਸ਼ਕ ਹੋਏ ਹਨ। ਪ੍ਰੋਡਿਊਸਰ ਬੀ. ਕੇ. ਆਦਰਸ਼ ਅਤੇ ਸ੍ਰੀ ਰਾਮ ਵੋਹਰਾ ਨੇ ਐਲਾਨ ਕੀਤਾ ਕਿ ਸੋਭਰਾਜ ਨੇ ਜੇਲ੍ਹਾਂ 'ਚੋਂ ਭੱਜਣ ਤੇ ਵਿਦੇਸ਼ੀਆਂ ਨੂੰ ਠੱਗਣ ਦੇ ਜਿਵੇਂ ਜਿਵੇਂ ਦਿਲਚਸਪ ਕਾਰਨਾਮੇ ਅਸਲ ਜ਼ਿੰਦਗੀ ਵਿਚ ਕਰ ਕੇ ਦਿਖਾਏ ਹਨ, ਉਨ੍ਹਾਂ ਸਭ ਨੂੰ ਖਾਸ ਤਰਤੀਬ ਦੇ ਕੇ ਫਿਲਮ ਬਣਾਈ ਜਾਵੇਗੀ। ਚਾਰਲਸ ਦਾ ਰੋਲ ਐਕਟਰ ਡੈਨੀ ਨਿਭਾਏਗਾ।

ਦੁੰਮ ਛੱਲਾ

ਫਿਲਮ ਡਾਇਰੈਕਟਰ ਨੇ ਸੀਨ ਸਮਝਾਉਂਦਿਆਂ ਐਕਟਰ ਰਣਧੀਰ ਕਪੂਰ ਨੂੰ ਕਿਹਾ, "ਇਸ ਸੀਨ ਵਿਚ ਤੂੰ ਸ਼ਰਾਬੀ ਹੋ ਕੇ ਲੜਖੜਾਂਦਾ ਘਰ ਜਾਵੇਂਗਾ ਤੇ ਪਤਨੀ ਧੱਕੇ ਮਾਰ ਕੇ ਬਾਹਰ ਕੱਢ ਦੇਵੇਗੀ। ਤਿੰਨ ਚਾਰ ਵਾਰ ਰੀਹਰਸਲ ਕਰ ਲਓ।"

"ਬੱਸ, ਬੱਸ ਰੀਹਰਸਲ ਦੀ ਕੋਈ ਜ਼ਰੂਰਤ ਨਹੀਂ, ਰਣਧੀਰ ਜੀ ਇਸ ਸੀਨ ਨੂੰ ਵੈਸੇ ਹੀ ਕਮਾਲ ਦਾ ਨਿਭਾ ਦੇਣਗੇ ...।" ਕੋਲ ਬੈਠੇ ਕਾਮੇਡੀਅਨ ਅਸਰਾਨੀ ਨੇ ਗੁੱਝਾ ਵਿਅੰਗ ਕੀਤਾ।

ਤੂੰ ਸਾਨੂੰ ਚਾਰ ਨਾ, ਨੇਤਾ ਜੀ! ਐਵੇਂ ਨਾ ਤਸੱਲੀਆਂ ਦੇ
ਅਸੀਂ ਜਾਣੂੰ ਹਾਂ ਤਿਕੜਮ ਤੋਂ, ਅਸੀਂ ਵਾਕਿਫ ਹਾਂ ਚਾਲਾਂ ਦੇ

ਬੱਜਟ ਵਿਚ ਰੱਖ ਕੇ ਘਾਟਾ, ਤੂੰ ਲਾ ਦਿੱਤੇ ਨਵੇਂ ਟੈਕਸ
ਦੁਖੀ ਹੁੰਦੇ ਨੇ ਲੋਕੀਂ? ਹੋਣ! ਤੂੰ ਝੂਟੇ ਲੈ ਕਾਰਾਂ ਦੇ

(Contd. from page 22)

time in 1948 and the second time in 1956. In 1956 an understanding was reached between the ruling Congress Party and the Akali Dal. Subsequently the Akali Dal stalwarts joined the Congress. The understanding was facilitated on the basis of the following factors :

1. The show of strength in 1955 by the Akali Dal convinced the Congress that the former had emerged as a powerful political force and could pose a threat to the Congress support base among peasants and traders.

2. The growing strength of Master Tara Singh representing conformist-communalists and incremental-conformists involved in trading and white collar and agricultural occupations created the fear that possibly the demand for a separate Sikh State may get revived.

3. The politics of accommodation was the main guiding principle for the resolution of conflicts.

Those Akalis who merged seldom came out of the Congress. One carries one's outlook wherever one goes. It is, however, just as hard to disprove as to prove the influence these Akalis have wielded on Congress politics in the absence of quantifiable data or an analytical study on the subject. Nevertheless, the Akalis in the Congress continued to advocate the so-called interests of the "Sikh community". During this phase some leaders even boasted that they sucessfully pressed for the acceptance of the Sachar Formula, got the rights of Sikh Harijans recognized and secured postponement for three years of the nationalization of transport business owned overwhelmingly by the "Sikh community". It is a fact that many of today's Congress leaders and ranks in Punjab started their political careers in the Akali Dal.

The Akali leaders in the Congress functioned as an exclusive group in 1948 under Giani Kartar Singh. The contemporary Chief Minister of Punjab, Shri Gopi Chand Bhargava, became increasingly dependent on this group. Even Sardar Partap Singh Kairon, because of practical political compulsions, flirted with the S.G.P.C. He managed to defeat Master Tara Singh on November 16, 1958.

The Akalis did not contest the second general election held in 1957. But due to internal comulsions and dissensions amongst the Akalis the above understanding did not last long. The success of the Akalis in the S.G.P.C. elections encuraged them to lauch morchas for a Punjabi Suba in 1959 and 1961. The failure of the 1961 morcha discredited Master Tara Singh's leadership.

Turning the Bend

The 1962 general election was projected by the Congress as a referendum on the Punjabi Suba issue. This challenge was accepted by the Akali Dal. Its defeat in the general election demoralised its leadership. Akalis won only 19 out of 154 seats and lost even in the Punjabi-speaking areas. Master Tara Singh was held responsible for this defeat. He was also accused of sacrilege for he had broken his fast into death. An analysis of the three general elections held since 1952 indicates the following trends :

i.) The Congress Party increased its strength considerably.

ii) The increases in the percentage of votes for the Jan Sangh from 5.0 to 8.6 in the 1957 election and 9.5 in the 1962 election indicated that a section of the Hindus did not approve of the alliance of the Congress with the Akali Dal and supported the Hindu communalists. The numerical predominance of Sikhs in the Government and in the organisational wing og . of the Congress was criticized by some of the Hindu communalists as "favouritism to the Sikhs at the cost of Hindu interests". The Hindu Raksha Samiti submitted a memorandom stating that :

While Sikh population in Punjabi region is 55 per cent, they got 75 per cent seats, on the other hand, though the population of Hindus is 45 per cent their representation in the Punjabi region was reduced to 30 per cent.

Some of these leaders also accused the Sikh Congress leaders of being Sikhs first and Congressmen afterwards. To substantiate this, they referred to the support by the Sikhs in the Congress for the demand for a Punjabi Suba before the States Reorganisation Commission.

a) This propaganda assumed that votes were cast on a religious basis and all interests were articulated, protected and accommodated via religion.

b) The second assumption was that Sikhs and Hindus are both homogenous and exclusive groups. This further led to the belief that communal ideology is so deeply rooted that certain individuals/groups act in and react to situations as communal entities.

Both these assumptions were falsified by the results of elections wherein parties propagating communal ideology were not taken seriously by the majority of the Punjabis.

iii) The data indicated that the Akali Dal lost considerable electoral support in the 1962 election. This erosion in the Akali support base led to renewed attempts by the Akalis to accelerate the process of communalisation. The demand for a Punjabi Suba was again raised. The political demarcation of Punjab was not considered favourable by the Akali Dal to its bid to capture political power in the State; hence the demand for a Punjabi Suba. The Akali Dal made effective use of its religious support base for the accomplishment of its political demands. In fact the demand for a Punjabi Suba was also advocated from the religious platform at several levels. The extremists and the moderates kept on raising such slogans as "self-determined political status for Sikhs" in one form or the other. Fear of th loss of religious identity and the propagation of the idea of a just rule of Khalsa (The Pure) were used to provide a normative justification for the defence of economic and political vested interests as well as violent activities.

The split of the Akali Dal in 1962 facilitated the concentration of power in the hands of those speaking in the name of the rural Jat peasantry in the organization. In January, 1965, the Sant Akali Dal won 95 out of the 138 seats in S.G.P.C. elections, giving a crushing defeat to the Master Akali Dal. It also increased its share in political power. The data clearly indicate that the share of Jat Sikh Ministers continuously rose particularly after Punjab was reorganize. On the other hand, the number of Bania/Khatri Aroras and Brahmins in the ministries had been reduced. Another study indicated that Jat Sikh legislators in general and of the Akali Dal in particular belonged to the upper strata. Sant Fateh Singh was elected President of the parallel Akali Dal. The two groups into which the Akalis had split represented different tendencies and styles of functioning. Sant Fateh Singh represented the incremental-comformist group and a section of the religious fundamentalists, whereas the Master Akali Dal represented the extremists and a minority of the religious fundamentalists and incremental conformists.

(To be Contd.)

ਪੰਜਾਬੀ ਗੱਭਰੂ ਹਰਮਿੰਦਰ ਢਿਲੋਂ ਦਾ ਸੁਨਹਿਰੀ ਕਾਰਨਾਮਾ

ਹਰਮਿੰਦਰ ਸਿੰਘ ਢਿੱਲੋਂ 'ਕੈਨੇਡਾ ਦਰਪਣ' ਦੇ ਸਨੇਹੀ ਬਜ਼ੁਰਗ ਰਾਮ ਸਿੰਘ ਢਿੱਲੋਂ ਹੋਰਾਂ ਦੇ ਸਪੁੱਤਰ ਹਨ। ਹਰਮਿੰਦਰ ਨੂੰ ਪਹਿਲਾਂ ਤੋਂ ਹੀ ਪਾਇਲਟ ਬਣਨ ਦਾ ਸ਼ੌਕ ਸੀ, ਇਸ ਲਈ ਪਾਈਲਟ ਟਰੇਨਿੰਗ ਸਕੂਲ ਮੌਂਕਟਨ(ਨੀਊਬਰਨਜ਼ ਵਿਕ) ਵਿਚ ਦਾਖਲ ਹੋਏ। ਮਿਹਨਤੀ ਹੋਣ ਕਰਕੇ ਹਰਮਿੰਦਰ ਨੇ 'ਬਰੂਸ ਮੈਰੀ ਮੈਮੋਰੀਅਲ' ਟਰਾਫੀ ਵੀ ਜਿਤੀ ਹੈ। ਜੋ ਇਨ੍ਹਾਂ ਨੂੰ ਵਧੀਆ ਪਾਈਲਟ ਹੋਣ ਦੇ ਨਾਤੇ ਦਿਤੀ ਗਈ। ਫਿਰ ਹਰਮਿੰਦਰ ਢਿਲੋਂ ਐਵੀਏਸ਼ਨ ਇੰਨਸਪੈਕਟਰ ਚੁਣੇ ਗਏ। ਅੱਜ ਕੱਲ੍ਹ ਹਰਮਿੰਦਰ ਢਿਲੋਂ ਮੌਂਕਟਨ ਵਿਚ 'ਐਵੀਏਸ਼ਨ ਇੰਨਸਪੈਕਟਰ ਵਜੋਂ ਕੰਮ ਕਰ ਰਹੇ ਹਨ। ਹੇਠਾਂ ਅਸੀਂ 'ਕੈਨਟੈਕਟ' ਮੈਗਜ਼ੀਨ ਵਿਚੋਂ ਹਰਮਿੰਦਰ ਢਿਲੋਂ ਦੇ ਕਾਰਨਾਮਿਆਂ ਦੀ ਗਾਥਾ ਅੰਗਰੇਜ਼ੀ ਵਿਚ ਛਾਪ ਰਹੇ ਹਾਂ। —

Cycling for Kids

Some people take up cycling for the fun of it, others for fitness, still others for personal satisfaction. Hary Dhillon took it up for all these, but this past summer, he went a step further.

Hary, an Air Carrier Inspector in the Atlantic Region, cycled from Moncton to Halifax to rais money for the children's ward at the Moncton Hospital.

"I first got the idea when I was reading a recent issue of Cycling magazine", said Dhillon. "The story was about a cyclist who had completed a 100-mile trek and it challenged other cyclists to see if they could cycle 100 miles in 10 hours, including rest stops, send in your time, and they would rate you, depending on your age," he added.

Hary talked about the idea of cycling to Halifax with his wife, who agreed it was a fine idea and volunteered to accompany him in a truck. Then I told the guys at the office, and they thought it was also great and suggested I use the trip to raise money for charity. So that's how it got off the ground, he said.

Dhillon is more than just a cycling enthusiast. He's been doing it for some three years during summer month.

"I knew I could easily make the trip", said Harry, who works out on a stationary bike at home during the winter th stay in shape. "At first, I had planned for a two-day trip. I did my first 100 miles in five hours, 49 minutes, and 23 seconds. When I reached that mark, I felt good physically, so I decided to go for it on the first day", he said.



Hary Dhillon seen on his bicycle prior to the start of his ride.

The distance to Halifax is 272 kilometres. Hary completed the gruelling distance in a total pedalling time of 10 hours and 19 minutes or a total time of 13 hours, including rest stops, taking 15-minute breaks about every 60 kilometres.

For his efforts, Hary raised a total of $3,843 in pledges for the hospital children's ward. Most of the money was donated by Transport Canada Regional Office employee pledges and public contributions from companies, like the Moncton Flying Club.

The money will be used by the hospital to purchase a monitoring device for newborns, valued at $3.000 and an ultrasound stethascope at $700.

"I was quite pleased at the response and the amount we raised and it certainly is personally gratifying knowing that kids will benefit from my efforts. I would like to thank all those who supported the effort, especially Transport Canada employees", added a smiling Hary Dhillon.

Why to go, Hary! — Doug McGurk